Alta California
Regional Center

# ਰੀਜਨਲ ਸੈਂਟਰ ਦੀਆਂ ਬਾਲਗਾਂ ਲਈ ਸੇਵਾਵਾਂ ਬਾਰੇ ਗਾਈਡ

Alta California Regional Center (ACRC) ਵਿਖੇ ਤੁਹਾਡਾ ਸੁਆਗਤ ਹੈ। ਇਹ ਗਾਈਡ ਤੁਹਾਡੇ ਅਤੇ ਤੁਹਾਡੀ ਮਦਦ ਕਰਨ ਵਾਲੀ ਟੀਮ ਲਈ ਇਹ ਸਿੱਖਣ ਦਾ ਸਾਧਨ ਹੈ:

- ਤੁਹਾਡੀ ਤਰਜੀਹ ਵਾਲਾ ਭਵਿੱਖ ਉਸਾਰਨ ਵਿਚ ACRC ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ
- ਕਿਹੜੀਆਂ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ
- ਸੰਪਰਕ ਕਰਨ ਬਾਰੇ ਜਾਣਕਾਰੀ ਜਿਹੜੀ ਤੁਹਾਨੂੰ ਮਦਦ ਕਰਨ ਵਾਲੀ ਲੱਗ ਸਕਦੀ ਹੈ

ਆਪਣੀ ਬਾਲਗ ਜ਼ਿੰਦਗੀ ਦੇ ਵੱਖ ਵੱਖ ਸਮਿਆਂ ’ਤੇ ਤੁਹਾਨੂੰ ਇਹ ਜਾਣਕਾਰੀ ਜ਼ਰੂਰੀ ਲੱਗ ਸਕਦੀ ਹੈ।

ਇਸ ਦੇ ਇਲਾਵਾ, ਸਾਡੀ ਏਜੰਸੀ ਦੇ ਵੈੱਬਸਾਈਟ www.altaregional.org ’ਤੇ ਅਜਿਹੀ ਜਾਣਕਾਰੀ ਅਤੇ ਅੱਪਡੇਟਸ ਹਨ ਜਿਹੜੇ ਤੁਹਾਨੂੰ ਫਾਇਦੇਮੰਦ ਲੱਗ ਸਕਦੇ ਹਨ। ਤੁਸੀਂ ਆਪਣੇ ਆਪ ਏਜੰਸੀ ਦੀਆਂ ਖਬਰਾਂ ਲੈਣ ਲਈ ਉੱਥੇ ਆਪਣੀ ਈਮੇਲ ਰਜਿਸਟਰ ਕਰ ਸਕਦੇ ਹੋ।

## ਇਸ ਗਾਈਡ ਦੇ ਅੰਦਰ


ਤੁਹਾਡਾ ਸਰਵਿਸ ਕੋਆਰਡੀਨੇਟਰ ............ 2
ਅਸੈੱਸਮੈਂਟ ਨੂੰ ਸਮਝਣਾ ....................... 3
Medi-Cal ਨਾਲ ਸੰਬੰਧਿਤ ਵਸੀਲੇ ....... 5
ਵਸੀਲਿਆਂ ਨਾਲ ਸੰਪਰਕ .................... 7
ਫੈਸਲੇ ਕਰਨਾ............................. 8-12
ਸਕੂਲ ਤੋਂ ਤਬਦੀਲੀ.......................... 13
ਰੁਜ਼ਗਾਰ ..................................... 14
ਆਉਣਾ ਜਾਣਾ .............................. 18
ਰਹਿਣ ਦੀਆਂ ਚੋਣਾਂ ..................... 19-21
ਮਨੋਰੰਜਨ ਅਤੇ ਵਤੀਰੇ ਦੀਆਂ ਸੇਵਾਵਾਂ 22-24
ਹੋਰ ਸੇਵਾਵਾਂ ........................... 25-28
ਰੀਜਨਲ ਸੈਂਟਰ ਦੇ ਦਫਤਰ ................. 30
ਸਵੈ-ਨਿਰਣਾ ................................ 31

## ਸਰਵਿਸ ਕੋਆਰਡੀਨੇਟਰ ਕੀ ਹੈ?

ਜੇ ਤੁਸੀਂ ACRC ਤੋਂ ਸੇਵਾਵਾਂ ਲੈ ਰਹੇ ਹੋ ਤਾਂ ਤੁਸੀਂ ਪਹਿਲਾਂ ਹੀ ਸਰਵਿਸ ਕੋਆਰਡੀਨੇਟਰ ਦੇ ਰੋਲ ਤੋਂ ਜਾਣੂ ਹੋ। ਜੇ ਤੁਸੀਂ ਹੁਣੇ ਹੁਣੇ ਯੋਗ ਹੋਏ ਹੋ ਤਾਂ ਤੁਹਾਨੂੰ ਇਕ ਸਰਵਿਸ ਕੋਆਰਡੀਨੇਟਰ (Service Coordinator, SC) ਨਾਲ ਜੋੜਿਆ ਜਾਵੇਗਾ, ਜੋ ਕਿ ਉਹ ਵਿਅਕਤੀ ਹੈ ਜਿਹੜੇ ਤੁਹਾਡੇ ਲਈ ACRC ਵਿਖੇ ਸੰਪਰਕ ਦਾ ਮੁੱਖ ਪੋਆਇੰਟ ਹੋਵੇਗਾ।

ਇਹ ਵਿਅਕਤੀ ਤੁਹਾਡੀਆਂ ਲੋੜਾਂ ਦਾ ਪਤਾ ਲਾਉਣ ਲਈ ਤੁਹਾਨੂੰ ਅਤੇ ਤੁਹਾਡੀ ਪਲੈਨਿੰਗ ਟੀਮ ਨੂੰ ਮਿਲੇਗਾ। ਲੈਂਟਰਮੈਨ ਐਕਟ ਕਹਿੰਦਾ ਹੈ ਕਿ ਜਦੋਂ ਵੀ ਸੰਭਵ ਹੋਵੇ ਅਸੈੱਸਮੈਂਟਾਂ ਯੋਗਤਾ ਪ੍ਰਾਪਤ ਵਿਅਕਤੀਆਂ ਵਲੋਂ ਅਤੇ ਕੁਦਰਤੀ ਮਾਹੌਲਾਂ ਵਿਚ ਕੀਤੀਆਂ ਜਾਣਗੀਆਂ।

**ਤੁਹਾਡਾ ਸਰਵਿਸ ਕੋਆਰਡੀਨੇਟਰ ਕੀ ਕਰਦਾ ਹੈ?**

- ਸਰਗਰਮੀ ਨਾਲ ਕਲਾਇੰਟਾਂ ਦੀਆਂ ਲੋੜਾਂ ਦਾ ਹੱਲ ਕਰਦਾ ਹੈ
- ਅਸਰਦਾਰ ਤਰੀਕੇ ਨਾਲ ਕਲਾਇੰਟ ਅਤੇ ਪਰਿਵਾਰ ਨਾਲ ਗੱਲਬਾਤ ਕਰਦਾ ਹੈ
- ਤੁਹਾਡੀ ਹਿਮਾਇਤ ਕਰਦਾ ਹੈ
- ਪੇਸ਼ਾਵਰ ਸੂਝ ਵਰਤਦਾ ਹੈ
- ਕਲਾਇੰਟ ਦੀ ਸਿਹਤ ਦੀ ਸਥਿਤੀ 'ਤੇ ਨਿਗਰਾਨੀ ਰੱਖਦਾ ਹੈ ਅਤੇ ਇਸ ਦਾ ਅਨੁਮਾਨ ਲਾਉਂਦਾ ਹੈ
- ਧਿਆਨ ਮੰਗਦੇ ਮਸਲਿਆਂ ਦੀ ਪਛਾਣ ਅਤੇ ਹੱਲ ਕਰਦਾ ਹੈ
- ਅਸਰਦਾਰ ਤਰੀਕੇ ਨਾਲ IPPs ਲਿਖਦਾ ਹੈ ਜਿਹੜੀਆਂ ਸਹੀ ਤਰੀਕੇ ਨਾਲ ਲੋੜਾਂ ਦਾ ਹੱਲ ਕਰਦੀਆਂ ਹਨ
- ਅਨੁਮਾਨ ਲਾਉਣ ਯੋਗ ਨਤੀਜਿਆਂ ਲਈ ਸੇਵਾਵਾਂ ਦੇਣ ਬਾਰੇ ਨਿਸ਼ਚਿਤ ਸਮੇਂ ਬਾਅਦ ਰਿਵੀਊ ਕਰਦਾ ਹੈ
- ਟੀਚਿਆਂ ਅਤੇ ਉਦੇਸ਼ਾਂ ਦੀ ਅਸਰਦਾਰ ਤਰੀਕੇ ਨਾਲ ਪਛਾਣ ਕਰਦਾ ਹੈ ਅਤੇ ਉਨ੍ਹਾਂ ਦੀ ਪੂਰਤੀ ਵਿਚ ਮਦਦ ਕਰਦਾ ਹੈ ਜਿਸ ਨਾਲ ਕਲਾਇੰਟ ਦੀ ਭਲਾਈ ਵਿਚ ਵਾਧਾ ਹੋਵੇਗਾ
- ਪਛਾਣੇ ਗਏ ਟੀਚੇ ਪ੍ਰਾਪਤ ਕਰਨ ਲਈ ਜਿਵੇਂ ਵੀ ਢੁਕਵਾਂ ਹੋਵੇ, ਆਮ ਵਸੀਲਿਆਂ ਅਤੇ RC ਦੇ ਫੰਡਾਂ ਨਾਲ ਚੱਲਣ ਵਾਲੀਆਂ ਸੇਵਾਵਾਂ ਕੋਲ ਜਾਣ ਵਿਚ ਕਲਾਇੰਟ ਦੀ ਮਦਦ ਕਰਦਾ ਹੈ

## ਰੀਜਨਲ ਸੈਂਟਰ ਦੇ ਅਸੈੱਸਮੈਂਟ ਕਰਨ ਦੇ ਕਾਰਜ ਅਤੇ ਫੰਡਾਂ ਨੂੰ ਸਮਝਣਾ

ਨਿੱਜੀ ਪ੍ਰੋਗਰਾਮ ਦੀ ਪਲੈਨ (Individual Program Plan, IPP) ਤਿਆਰ ਕਰਨ ਵਿਚ ACRC ਤੁਹਾਡੀ ਮਦਦ ਕਰਦਾ ਹੈ। IPP ਪਛਾਣੀਆਂ ਗਈਆਂ ਲੋੜਾਂ ਪੂਰੀਆਂ ਕਰਨ ਲਈ ਕਮਿਊਨਟੀ ਦੇ ਵਸੀਲਿਆਂ ਦੀ ਵਰਤੋਂ ਨੂੰ ਸ਼ਾਮਲ ਕਰਦਾ ਹੈ। IPP ਲਈ ਪਲੈਨਿੰਗ ਦੇ ਕਾਰਜ ਵਿਚ ਤੁਹਾਡੇ ਜ਼ਿੰਦਗੀ ਦੇ ਟੀਚਿਆਂ, ਸਮਰੱਥਾਵਾਂ ਅਤੇ ਮਜ਼ਬੂਤੀਆਂ, ਤਰਜੀਹਾਂ, ਰੁਕਾਵਟਾਂ, ਅਤੇ ਫਿਕਰਾਂ ਜਾਂ ਸਮੱਸਿਆਵਾਂ ਦਾ ਪਤਾ ਲਾਉਣ ਲਈ ਜਾਣਕਾਰੀ ਇਕੱਠੀ ਕਰਨਾ ਸ਼ਾਮਲ ਹੈ।

ਅਸੈੱਸਮੈਂਟ ਦੇ ਇਕ ਹਿੱਸੇ ਵਿਚ ਦੋਨੋਂ ਸਰਕਾਰੀ ਅਤੇ ਪ੍ਰਾਈਵੇਟ ਆਮ ਵਸੀਲਿਆਂ ਦੀ ਪੜਚੋਲ ਕਰਨਾ ਸ਼ਾਮਲ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਪਛਾਣੀਆਂ ਗਈਆਂ ਲੋੜਾਂ ਵਿਚ ਮਦਦ ਲਈ ਕਿਹੜੇ ਵਸੀਲੇ ਮੌਜੂਦ ਹਨ। ਅੱਗੇ ਲਿਖਿਆਂ ਨੂੰ ਧਿਆਨ ਵਿਚ ਰੱਖਦੇ ਹੋਏ ACRC ਸੇਵਾਵਾਂ ਅਤੇ ਮਦਦ ਲਈ ਪੈਸੇ ਦਿੰਦਾ ਹੈ:

| | |
|---|---|
| *ਲੈਂਟਰਮੈਨ ਐਕਟ ਮੁਤਾਬਕ ਸੇਵਾਵਾਂ (Lanterman Act)* | *IPP ਵਿਚਲਾ ਕੋਈ ਟੀਚਾ ਜਾਂ ਉਦੇਸ਼ ਪ੍ਰਾਪਤ ਕਰਦਾ ਹੈ* |
| *ਯੋਗ ਹਾਲਤ ਨਾਲ ਸੰਬੰਧਿਤ ਲੋੜ ਪੂਰੀ ਕਰਦਾ ਹੈ* | *ਕੁਦਰਤੀ/ਆਮ ਵਸੀਲਿਆਂ ਦੀ ਦੋਹਰ ਨਹੀਂ ਪਾਉਂਦਾ* |
| *ਕਿਫਾਇਤੀ ਹੈ* | *ACRC ਦੇ ਉਦੇਸ਼ ਦੀ ਹਿਮਾਇਤ ਕਰਦਾ ਹੈ* |
| *ਸਰਵਿਸ ਦੇਣ ਵਾਲਾ "ਅਧਿਕਾਰਤ" ਹੈ* | *ਇਹ ਸਬੂਤ-ਆਧਾਰਿਤ ਪ੍ਰੈਕਟਿਸ ਹੈ* |

ਡਬਲਯੂ ਐਂਡ ਆਈ ਕੋਡ §§4501, 4512(b), 4640.7(b), 4646(a), 4646.4, 4648(a)(11), 4659. 4782

**ਹੋਮ ਐਂਡ ਕਮਿਊਨਟੀ-ਬੇਸਡ ਵੇਵਰ (HCBS) ਜਾਂ MEDICAID ਵੇਵਰ (MW) ਪ੍ਰੋਗਰਾਮ:** ਇਹ ਇਕ ਫੈਡਰਲ ਪ੍ਰੋਗਰਾਮ ਹੈ ਜਿਹੜਾ ACRC ਵਲੋਂ ਚਲਾਇਆ ਜਾਂਦਾ ਹੈ ਜੋ ਕਿ ਤੁਹਾਡੀ ਰਿਹਾਇਸ਼ ਵਾਲੀ ਕਾਉਂਟੀ ਨੂੰ Medi-Cal ਲਈ ਆਮਦਨ ਦੀਆਂ ਸ਼ਰਤਾਂ ਤੋਂ ਛੋਟ ਦੇਣ ਦੀ ਆਗਿਆ ਦਿੰਦਾ ਹੈ, ਇਸ ਤਰ੍ਹਾਂ ਉਹ ਕਲਾਇੰਟ ਵੀ ਇਹ ਲੈ ਸਕਦੇ ਹਨ ਜਿਹੜੇ ਓਦਾਂ Medi-Cal ਲਈ ਯੋਗ ਨਹੀਂ ਹੋਣਗੇ। Medicaid ਵੇਵਰ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਤੁਹਾਡੇ ਲਈ ਕੁਝ ਮੁਢਲੀਆਂ ਸ਼ਰਤਾਂ ਪੂਰੀਆਂ ਕਰਨਾ ਅਤੇ ਸਰਵਿਸ ਲੈਣਾ ਜ਼ਰੂਰੀ ਹੈ ਜਿਸ ਲਈ ACRC ਫੰਡ ਦੇ ਰਿਹਾ ਹੈ ਜਿਸ ਨੂੰ ਬਿੱਲ ਵਾਲੀ ਖਰੀਦ ਸਮਝਿਆ ਜਾਂਦਾ ਹੈ। Medi-Cal ਹੈਲਥ ਕੇਅਰ ਦੀਆਂ ਸੇਵਾਵਾਂ ਦਿੰਦਾ ਹੈ ਅਤੇ ਇਹ ਅਕਸਰ ਡਾਕਟਰਾਂ ਦੀਆਂ ਫੇਰੀਆਂ ਅਤੇ ਦਵਾਈਆਂ ਲਈ ਕੋ-ਪੇਅਮੈਂਟਾਂ ਨੂੰ ਕਵਰ ਕਰਦਾ ਹੈ ਜੇ ਤੁਹਾਡੇ ਕੋਲ ਪ੍ਰਾਈਵੇਟ ਇਨਸ਼ੋਰੈਂਸ ਵੀ ਹੈ।

ਤੁਹਾਡਾ SC ਰੈਫਰਲ ACRC ਦੇ ਫੈਡਰਲ ਪ੍ਰੋਗਰਾਮਜ਼ ਯੂਨਿਟ ਰਾਹੀਂ ਸ਼ੁਰੂ ਕਰ ਸਕਦਾ ਹੈ।

ਇਸ ਦੇ ਇਲਾਵਾ, ਜਦੋਂ ਤੁਸੀਂ HCBS ਵੇਵਰ ਲਈ ਨਾਂ ਲਿਖਾਉਂਦੇ ਹੋ, ਕੈਲੇਫੋਰਨੀਆ ਸਟੇਟ, ਤੁਹਾਡੇ ਲਈ ਖਰੀਦੀਆਂ ਗਈਆਂ ਸੇਵਾਵਾਂ ਅਤੇ ਮਦਦ ਲਈ ਫੈਡਰਲ ਸਰਕਾਰ ਤੋਂ ਪੈਸੇ ਵਾਪਸ ਲੈਣ ਦੇ ਯੋਗ ਹੁੰਦੀ ਹੈ। HCBS ਵੇਵਰ ਤੁਹਾਨੂੰ ਮਿਲੀਆਂ ਸੇਵਾਵਾਂ ਦੀ ਕਿਸਮ ਜਾਂ ਰਕਮ 'ਤੇ ਕੋਈ ਅਸਰ ਨਹੀਂ ਪਾਉਂਦਾ।

ਕਾਨੂੰਨ ਮੁਤਾਬਕ, ACRC ਲਈ ਕਿਸੇ ਸਰਵਿਸ ਜਾਂ ਮਦਦ ਲਈ ਫੰਡ ਦੇਣ ਤੋਂ ਪਹਿਲਾਂ ਆਮ ਅਤੇ ਪ੍ਰਾਈਵੇਟ ਵਸੀਲੇ, ਅਤੇ ਕੁਦਰਤੀ ਮਦਦਾਂ ਵਰਤਣਾ ਜ਼ਰੂਰੀ ਹੈ। ਇਹ ਕੁਝ ਉਦਾਹਰਣਾਂ ਹਨ ਜਿਹੜੀਆਂ ਲਾਗੂ ਹੋ ਸਕਦੀਆਂ ਹਨ।

## ਆਮ ਅਤੇ ਪ੍ਰਾਈਵੇਟ ਵਸੀਲੇ:

| ਆਮ ਅਤੇ ਪ੍ਰਾਈਵੇਟ ਵਸੀਲੇ: | ਕੁਦਰਤੀ ਮਦਦਾਂ: |
|---|---|
| • Medi-Cal | • ਪਰਿਵਾਰ |
| • ਸਮੇਂ ਸਮੇਂ ’ਤੇ ਹੋਣ ਵਾਲੀ ਅਗੇਤੀ ਜਾਂਚ, ਪਛਾਣ ਅਤੇ ਇਲਾਜ (EPSDT) | • ਵੱਡਾ ਪਰਿਵਾਰ/ਰਿਸ਼ਤੇਦਾਰ |
| • ਸਕੂਲ ਜ਼ਿਲੇ/ਐੱਸ ਈ ਐੱਲ ਪੀ ਏਜ਼ | • ਟਰਾਈਬਲ ਸੰਸਥਾਵਾਂ |
| • ਕਾਉਂਟੀ ਇਨ-ਹੋਮ ਸੁਪੋਰਟਿਵ ਸਰਵਿਸਿਜ਼ (IHSS) | • ਟਰਾਈਬਲ ਸੰਸਥਾਵਾਂ |
| • ਕੈਲੇਫੋਰਨੀਆ ਚਿਲਡਰਨਜ਼ ਸਰਵਿਸਿਜ਼ (CCS) | • ਧਾਰਮਿਕ ਸਥਾਨ |
| • ਕਾਉਂਟੀ ਮੈਂਟਲ ਹੈਲਥ ਸਰਵਿਸਿਜ਼ | • ਸਹਾਇਤਾ ਕਰਨ ਵਾਲੇ ਗਰੁੱਪ |
| • Denti-Cal | • ਦੋਸਤ |
| • Warmline ਫੈਮਿਲੀ ਰੀਸੋਰਸ ਸੈਂਟਰ (FRC) | • ਰੂਮਮੇਟ |
| • ਇਨ-ਹੋਮ ਓਪਰੇਸ਼ਨਜ਼ (IHO) | • ਗੁਆਂਢੀ |
| • ਸਿਟੀ, ਕਾਉਂਟੀ ਅਤੇ ਸਟੇਟ ਦੀ ਰਿਹਾਇਸ਼ਾਂ ਵਿਚ ਮਦਦ | • ਸਾਥੀ-ਵਰਕਰ |
| • ਕਮਿਊਨਟੀ ਲੀਗਲ ਸਰਵਿਸਿਜ਼ | |
| • ਪ੍ਰਾਈਵੇਟ ਹੈਲਥ ਇਨਸ਼ੋਰੈਂਸ | |
| • ਡੀਪਾਰਟਮੈਂਟ ਔਫ ਰੀਹੈਬਲੀਟੇਸ਼ਨ | |
| • ਡਿਸਏਬਿਲਟੀ ਰਾਈਟਸ ਔਫ ਕੈਲੇਫੋਰਨੀਆ (DRC) | |
| • ਟਰੱਸਟ ਫੰਡ | |
| • ਇਮੀਂਗਰਾਂਟਾਂ ਲਈ ਨਗਦ ਸਹਾਇਤਾ ਦਾ ਪ੍ਰੋਗਰਾਮ (CAPI) | |
| • ਸਪਲੀਮੈਂਟਲ ਸਕਿਉਰਟੀ ਇਨਕਮ (SSI) | |

## MEDI-CAL ਅਤੇ ਸੰਬੰਧਿਤ ਵਸੀਲਿਆਂ ਬਾਰੇ ਜਾਣਕਾਰੀ

Medi-Cal ਕੈਲੇਫੋਰਨੀਆ ਦਾ Medicaid ਪ੍ਰੋਗਰਾਮ ਹੈ ਅਤੇ ਇਹ ਇਕ ਪਬਲਿਕ ਹੈਲਥ ਇਨਸ਼ੋਰੈਂਸ ਪ੍ਰੋਗਰਾਮ ਹੈ। ਇਕ ਆਮ ਵਸੀਲੇ ਵਜੋਂ, ਇਹ ਰੀਜਨਲ ਸੈਂਟਰ ਦੇ ਸਰਵਿਸ ਸਿਸਟਮ ਵਿਚ ਇਕ ਮਹੱਤਵਪੂਰਨ ਪ੍ਰੋਗਰਾਮ ਹੈ ਕਿਉਂਕਿ ਇਹ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਆਮ ਵਸੀਲਿਆਂ ਤੱਕ ਪੂਰੀ ਤਰ੍ਹਾਂ ਪਹੁੰਚ ਕਰਨ ਲਈ ਲੈਂਟਰਮੈਨ ਐਕਟ ਦੀ ਪਾਲਣਾ ਕਰਨ ਵਿਚ ACRC ਦੀ ਮਦਦ ਕਰਦਾ ਹੈ।

Medi-Cal ਤੋਂ ਹੁਣ 21 ਸਾਲ ਤੱਕ ਦੀ ਉਮਰ ਦੇ ਔਟਿਜ਼ਮ ਵਾਲੇ ਵਿਅਕਤੀਆਂ ਲਈ ਵਤੀਰੇ ਨਾਲ ਸੰਬੰਧਿਤ ਸਿਹਤ ਦਾ ਇਲਾਜ ਕਰਨ ਲਈ ਫੰਡ ਦੇਣ ਦੀ ਮੰਗ ਵੀ ਕੀਤੀ ਜਾਂਦੀ ਹੈ, ਅਤੇ ਜੇ ਤੁਹਾਡੇ ਕੋਲ ਪ੍ਰਾਈਵੇਟ ਇਨਸ਼ੋਰੈਂਸ ਹੈ ਤਾਂ ਇਹ ਇਸ ਇਲਾਜ ਨਾਲ ਸੰਬੰਧਿਤ ਕੋ-ਪੇਮੈਂਟਾਂ, ਕੋ-ਇਨਸ਼ੋਰੈਂਸ ਜਾਂ ਕਟੌਤੀਆਂ ਦੇਣ ਵਿਚ ਮਦਦ ਕਰਨ ਦੇ ਯੋਗ ਵੀ ਹੋ ਸਕਦਾ ਹੈ। Medi-Cal 'ਤੇ ਹੋਣ ਨਾਲ ਘਰ ਵਿਚ ਸਹਾਇਤਾ ਦੀਆਂ ਸੇਵਾਵਾਂ (IHSS) ਲੈਣ ਲਈ ਹੱਕਦਾਰੀ ਵੀ ਬਣ ਸਕਦੀ ਹੈ।

### ਘਰ ਵਿਚ ਸਹਾਇਤਾ ਦੀਆਂ ਸੇਵਾਵਾਂ (IN-HOME SUPPORT SERVICES, IHSS):

IHSS ਉਨ੍ਹਾਂ ਵਿਅਕਤੀਆਂ ਲਈ ਨਿੱਜੀ ਸੰਭਾਲ ਦੀਆਂ ਅਤੇ ਘਰੇਲੂ ਸੇਵਾਵਾਂ ਪ੍ਰਦਾਨ ਕਰਦੀ ਹੈ ਜਿਹੜੇ ਬਜ਼ੁਰਗ ਹਨ, ਨੇਤਰਹੀਨ ਜਾਂ ਅਪਾਹਜ ਹਨ ਅਤੇ ਆਪਣੇ ਘਰ ਵਿਚ ਰਹਿੰਦੇ ਹਨ। IHSS ਉਨ੍ਹਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਉਸ ਤਰ੍ਹਾਂ ਘਰ ਤੋਂ ਬਾਹਰ ਸੰਭਾਲ ਕਰਨ ਵਾਲੇ ਕਿਸੇ ਸਥਾਨ 'ਤੇ ਰੱਖਣਾ ਪੈ ਸਕਦਾ ਸੀ ਪਰ ਜਿਹੜੇ ਸੁਰੱਖਿਅਤ ਤਰੀਕੇ ਨਾਲ ਆਪਣੇ ਘਰ ਵਿਚ ਰਹਿ ਸਕਦੇ ਹਨ ਜੇ IHSS ਦੀਆਂ ਸੇਵਾਵਾਂ ਮਿਲਦੀਆਂ ਹਨ। IHSS ਸਿਰਫ ਤਾਂ ਹੀ ਲਈ ਜਾ ਸਕਦੀ ਹੈ ਜੇ ਤੁਹਾਡਾ Medi-Cal ਦਾ ਦਰਜਾ ਐਕਟਿਵ ਹੈ। ਤੁਹਾਡੀ ਰਿਹਾਇਸ਼ ਵਾਲੀ ਕਾਉਂਟੀ ਇਹ ਪ੍ਰੋਗਰਾਮ ਚਲਾਉਂਦੀ ਹੈ।

ਪ੍ਰੋਗਰਾਮ ਲਈ ਤੁਹਾਡੇ ਅਪਲਾਈ ਕਰਨ ਤੋਂ ਬਾਅਦ, ਕਾਉਂਟੀ ਤੁਹਾਡੀਆਂ ਲੋੜਾਂ ਦਾ ਪਤਾ ਲਾਉਣ ਲਈ ਸੋਸ਼ਲ ਵਰਕਰ ਤੁਹਾਡੇ ਘਰ ਭੇਜਦੀ ਹੈ। ਜੇ ਤੁਹਾਨੂੰ ਬਰਾਬਰ ਦੇ ਕਿਸੇ ਆਮ ਵਿਅਕਤੀ ਨਾਲੋਂ ਜ਼ਿਆਦਾ ਸੰਭਾਲ ਦੀ ਲੋੜ ਹੋਵੇ ਤਾਂ IHSS ਸੰਭਾਲ ਦੇ ਖਾਸ ਘੰਟੇ ਪ੍ਰਦਾਨ ਕਰਨ ਲਈ ਤੁਹਾਨੂੰ ਸੰਭਾਲ ਕਰਨ ਵਾਲੇ ਦੇ ਖਰਚੇ ਲਈ ਹਰ ਮਹੀਨੇ ਪੈਸੇ ਦੇ ਸਕਦੀ ਹੈ। ਲੋੜੀਂਦੀ ਸੰਭਾਲ ਉਸ ਵਿਅਕਤੀ ਜਾਂ ਵਿਅਕਤੀਆਂ ਵਲੋਂ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਤੁਸੀਂ ਰੱਖਦੇ ਹੋ, ਜਿਸ ਵਿਚ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹੋ ਸਕਦੇ ਹਨ।

### ਸਪਲੀਮੈਂਟਲ ਸਕਿਉਰਟੀ ਇਨਕਮ (SUPPLEMENTAL SECURITY INCOME, SSI):

SSI ਇਕ ਫੈਡਰਲ ਸਰਕਾਰ ਦਾ ਆਮਦਨ ਵਿਚ ਵਾਧਾ ਕਰਨ ਦਾ ਪ੍ਰੋਗਰਾਮ ਹੈ, ਜਿਹੜਾ ਬਜ਼ੁਰਗ, ਨੇਤਰਹੀਣ ਜਾਂ ਉਨ੍ਹਾਂ ਅਪਾਹਜ ਲੋਕਾਂ ਦੀ ਮਦਦ ਕਰਨ ਲਈ ਬਣਾਇਆ ਗਿਆ ਹੈ ਜਿਨ੍ਹਾਂ ਦੀ ਆਮਦਨ ਥੋੜ੍ਹੀ ਹੈ ਜਾਂ ਕੋਈ ਆਮਦਨ ਨਹੀਂ ਹੈ। ਇਹ ਖਾਣੇ, ਕੱਪੜਿਆਂ ਅਤੇ ਰਿਹਾਇਸ਼ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਪੈਸੇ ਦਿੰਦਾ ਹੈ। ਤੁਸੀਂ SSI ਬੈਨੇਫਿਟਸ ਲਈ ਤਿੰਨ ਤਰੀਕਿਆਂ ਨਾਲ ਅਪਲਾਈ ਕਰ ਸਕਦੇ ਹੋ: 1) ਅਪੌਇੰਟਮੈਂਟ ਬਣਾਉਣ ਲਈ 1-800-772-1213 'ਤੇ ਫੋਨ ਕਰਕੇ (1-800-325-0778 'ਤੇ ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਉੱਚਾ ਸੁਣਦਾ ਹੈ), 2) ਕਿਸੇ ਤੋਂ ਆਪਣੇ ਲਈ ਫੋਨ ਕਰਵਾ ਕੇ ਅਤੇ ਅਰਜ਼ੀ ਭਰਨ ਵਿਚ ਮਦਦ ਲੈ ਕੇ, ਜਾਂ 3) ਆਪਣੇ ਸੋਸ਼ਲ ਸਕਿਉਰਟੀ ਦੇ ਸਥਾਨਕ ਦਫਤਰ ਜਾ ਕੇ। ਜ਼ਿਆਦਾ ਜਾਣਕਾਰੀ ਲਈ ਤੁਸੀਂ ਸੋਸ਼ਲ ਸਕਿਉਰਟੀ ਐਡਮਿਨਸਟਰੇਸ਼ਨ ਵੈੱਬਸਾਈਟ 'ਤੇ ਜਾ ਸਕਦੇ ਹੋ: https:www.ssa.gov

**ਫੈਮਿਲੀ ਰੀਸੋਰਸ ਸੈਂਟਰ (FAMILY RESOURCE CENTER, FRC):**
ਕੈਲੇਫੋਰਨੀਆ ਵਿਚ, FRC ਅਰਲੀ ਸਟਾਰਟ ਪ੍ਰੋਗਰਾਮ ਦਾ ਹਿੱਸਾ ਹਨ, ਜਿਸ ਨੂੰ ਫੰਡ ਡਿਪਾਰਟਮੈਂਟ ਔਫ ਡਿਵੈਲਪਮੈਂਟਲ ਸਰਵਿਸਿਜ਼ ਤੋਂ ਮਿਲਦੇ ਹਨ। ਇਹ ਕੈਲੇਫੋਰਨੀਆ ਭਰ ਵਿਚ ਹਨ ਅਤੇ ਇਨ੍ਹਾਂ ਵਿਚ ਖਾਸ ਲੋੜਾਂ ਵਾਲੇ ਬੱਚਿਆਂ ਦੇ ਪਰਿਵਾਰਾਂ ਦਾ ਸਟਾਫ ਹੈ। FRC ਮਾਪੇ ਤੋਂ ਮਾਪੇ ਤੱਕ ਮਦਦ ਪੇਸ਼ ਕਰਦੇ ਹਨ ਅਤੇ ਲੋੜੀਂਦੀਆਂ ਸੇਵਾਵਾਂ ਲੱਭਣ ਅਤੇ ਇਨ੍ਹਾਂ ਤੱਕ ਪਹੁੰਚ ਕਰਨ ਵਿਚ ਮਾਪਿਆਂ, ਪਰਿਵਾਰਾਂ ਅਤੇ ਬੱਚਿਆਂ ਦੀ ਮਦਦ ਕਰਦੇ ਹਨ। ਇਕ ਸਥਾਨਕ FRC ਵਾਰਮਲਾਈਨ ਨੂੰ 26 ਸਾਲ ਦੀ ਉਮਰ ਤੱਕ ਦੇ ਬਾਲਗਾਂ ਨਾਲ ਕੰਮ ਕਰਨ ਲਈ ਗਰਾਂਟ ਮਿਲੀ ਹੈ। ਜ਼ਿਆਦਾ ਜਾਣਕਾਰੀ ਲਈ ਤੁਸੀਂ FRC ਨੈੱਟਵਰਕ ਔਫ ਕੈਲੇਫੋਰਨੀਆ ਦਾ ਵੈੱਬਸਾਈਟ ਦੇਖ ਸਕਦੇ ਹੋ: www.frcnca.org

# ਕਾਉਂਟੀ ਮੁਤਾਬਕ ਆਮ ਵਸੀਲਿਆਂ ਨਾਲ ਸੰਪਰਕ

| ਕਾਉਂਟੀ | Medi-Cal | IHSS | SSI | FRC |
|---|---|---|---|---|
| **Alpine** | 530-694-2235 | 530-694-2235 | 530-694-2235 | Warmline FRC:<br>800-455-9517 |
| **Colusa** | 530-458-0280 | 530-458-0280 | 530-671-1896 | Colusa County FRC:<br>530-458-8891 |
| **El Dorado** | 530-642-7300 | 530-642-4800 | 877-545-5497 | North Tahoe FRC:<br>530-546-0952 |
| **Nevada** | Grass Valley:<br>530-265-1450<br><br>Truckee:<br>530- 582-7814 | 530-274-5601 | 866-931-6087 | FRC of Truckee:<br>530-587-2513 |
| **Placer** | South Placer:<br><br>916-636-1980<br><br>Auburn:<br><br>530-889-7610 | South Placer:<br><br>916-787-8860<br><br>Auburn:<br><br>530-889-7115 | South Placer:<br>916-770-8300<br><br>800-772-1213<br><br>Auburn:<br>866-931-6087 | Warmline FRC:<br>916-455-9500<br><br>Lighthouse FRC:<br>916-645-3300 |
| **Sacramento** | (916) 874-3100 | (916) 874-8471 | 800-772-1213 | Warmline FRC:<br>916-455-9500 |
| **Sierra** | Grass Valley:<br>530-265-1450<br><br>Truckee:<br>530- 582-7814 | 530-274-5601 | 866-931-6087 | Warmline FRC:<br>916-455-9500 |
| **Sutter** | 877-652-0735 | 530-822-7227 | 530-671-1896 | Family Soup FRC:<br>530-751-1925 |
| **Yolo** | 530-661-2700 | 530-661-2955 | 916-373-3850 | Warmline FRC:<br>916-455-9500 |
| **Yuba** | 877-652-0739<br>530-749-6311 | 530-749-6471 | 530-671-1896 | Yuba County FRC:<br>530-749-4049 |

**ਬਾਲਗ ਕਲਾਇੰਟਾਂ ਦੀ ਫੈਸਲੇ ਕਰਨ ਵਿਚ ਮਦਦ ਕਰਨਾ**

ਹੇਠਾਂ ਦਿੱਤੀਆਂ ਚੋਣਾਂ ਜ਼ਿੰਦਗੀ ਦੇ ਮਹੱਤਵਪੂਰਨ ਫੈਸਲੇ ਕਰਨ ਵਿਚ ਮਦਦ ਲੈਣ ਲਈ ਤੁਹਾਡੇ ਲਈ ਵੱਖੋ ਵੱਖਰੇ ਤਰੀਕੇ ਹਨ।

**ਪਲੈਨਿੰਗ ਟੀਮ ਦਾ ਤਰੀਕਾ:** ਤੁਹਾਡੇ ਰੀਜਨਲ ਸੈਂਟਰ ਦੀ ਪਲੈਨਿੰਗ ਟੀਮ ਨਵੇਂ ਵਿਚਾਰ ਦੇਣ, ਸਮੱਸਿਆ ਦਾ ਹੱਲ ਕਰਨ, ਸੇਧ ਦੇਣ ਅਤੇ ਸੁਝਾਅ ਦੇਣ ਲਈ ਉਪਲਬਧ ਹੈ, ਜਿਸ ਵਿਚ ਤੁਹਾਨੂੰ ਸਿਹਤਮੰਦ ਫੈਸਲੇ ਕਰਨ ਲਈ ਉਤਸ਼ਾਹ ਦੇਣਾ ਵੀ ਸ਼ਾਮਲ ਹੈ। ਪਲੈਨਿੰਗ ਟੀਮ ਸੇਵਾਵਾਂ ਅਤੇ ਮਦਦਾਂ ਤੱਕ ਪਹੁੰਚ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੀ ਹੈ ਜਿਵੇਂ ਕਿ ਸਿਹਤਮੰਦ ਸੰਬੰਧਾਂ ਬਾਰੇ ਕਲਾਸਾਂ, ਵਤੀਰੇ ਦੇ ਇਲਾਜ ਜਾਂ ਮਦਦ, ਕੌਂਸਲਿੰਗ, ਦਵਾਈਆਂ ਦਾ ਪ੍ਰਬੰਧ, ਮਾਨਸਿਕ ਸਿਹਤ ਦੀਆਂ ਸੇਵਾਵਾਂ ਅਤੇ ਫੈਸਲੇ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਆਜ਼ਾਦ ਰਹਿਣੀ ਦੇ ਹੁਨਰਾਂ ਦੀ ਟਰੇਨਿੰਗ।

**ਇਲਾਜ ਲਈ ਪੱਕਾ ਮੁਖਤਿਆਰਨਾਮਾ:** ਇਹ ਪੇਪਰ ਤੁਹਾਨੂੰ ਆਪਣੀ ਤਰਫੋਂ ਇਲਾਜ ਦੇ ਫੈਸਲੇ ਕਰਨ ਲਈ ਕਿਸੇ ਬਾਲਗ (ਤੁਹਾਡਾ ਏਜੰਟ) ਨਿਯੁਕਤ ਕਰਨ ਦੀ ਆਗਿਆ ਦਿੰਦਾ ਹੈ। ਤੁਹਾਡੇ ਕੋਲ ਇਲਾਜ ਦੇ ਫੈਸਲੇ ਕਰਨ ਲਈ ਕੋਈ ਏਜੰਟ ਨਿਯੁਕਤ ਕਰਨ ਦੇ ਅਸਰ ਨੂੰ ਸਮਝਣ ਦੀ ਸਮਰੱਥਾ ਹੋਣ ਦੀ ਲੋੜ ਹੈ। ਏਜੰਟ ਇਲਾਜ ਬਾਰੇ ਉਹ ਫੈਸਲੇ ਨਹੀਂ ਕਰ ਸਕਦਾ ਜਿਨ੍ਹਾਂ 'ਤੇ ਤੁਸੀਂ ਕਿੰਤੂ ਕਰਦੇ ਹੋਵੋ। ਮੁਖਤਿਆਰਨਾਮੇ (ਪੌਵਰ ਔਫ ਅਟਾਰਨੀ) 'ਤੇ ਤੁਹਾਡੇ ਦਸਖਤਾਂ ਨੂੰ ਨੋਟਰਾਈਜ਼ਡ ਕਰਵਾਇਆ ਜਾਣਾ ਜ਼ਰੂਰੀ ਹੈ ਜਾਂ ਇਸ 'ਤੇ ਦੋ ਗੈਰ-ਰਿਸ਼ਤੇਦਾਰ ਵਿਅਕਤੀਆਂ ਦੇ ਦਸਖਤ ਹੋਣੇ ਜ਼ਰੂਰੀ ਹਨ। ਇਸ ਪੇਪਰ ਦੀ ਇਕ ਕਾਪੀ ਤੁਹਾਨੂੰ ਸਿਹਤ ਸੇਵਾਵਾਂ ਦੇਣ ਵਾਲਿਆਂ ਦੀ ਫਾਇਲ ਵਿਚ ਹੋਣੀ ਜ਼ਰੂਰੀ ਹੈ। ਤੁਸੀਂ ਮੁਖਤਿਆਰਨਾਮਾ ਕਿਸੇ ਵੇਲੇ ਵੀ ਰੱਦ ਕਰ ਸਕਦੇ ਹੋ। ਤੁਸੀਂ ਇਹ ਫਾਰਮ ਕਿਸੇ ਅਟਾਰਨੀ ਤੋਂ, ਔਨਲਾਈਨ ਜਾਂ ਆਪਣੇ ACRC ਸਰਵਿਸ ਕੋਆਰਡੀਨੇਟਰ ਤੋਂ ਲੈ ਸਕਦੇ ਹੋ।

**ਪੜ੍ਹਾਈ ਬਾਰੇ ਫੈਸਲੇ ਕਰਨ ਦੇ ਹੱਕ ਦੇਣਾ:** ਇਹ ਪੇਪਰ ਤੁਹਾਨੂੰ 22 ਸਾਲ ਦੀ ਉਮਰ ਤੱਕ ਆਪਣੇ ਮਾਪਿਆਂ ਨੂੰ ਆਪਣੀ ਪੜ੍ਹਾਈ ਦੇ ਹੱਕ ਦੇਣ ਦੀ ਆਗਿਆ ਦਿੰਦਾ ਹੈ ਜਦੋਂ ਤੁਸੀਂ ਖਾਸ ਪੜ੍ਹਾਈ ਦੀਆਂ ਸੇਵਾਵਾਂ ਲੈ ਰਹੇ ਹੁੰਦੇ ਹੋ। ਤੁਹਾਡੇ ਵਲੋਂ ਦਸਖਤ ਕਰਨ ਅਤੇ ਸਕੂਲ ਜ਼ਿਲੇ ਨੂੰ ਦੇਣ ਤੋਂ ਬਾਅਦ, ਇਹ ਤੁਹਾਡੇ ਮਾਪਿਆਂ ਨੂੰ ਤੁਹਾਡੀ ਪੜ੍ਹਾਈ ਦੀ ਪਲੈਨ ਵਿਚ ਸਰਗਰਮ ਹਿੱਸੇਦਾਰ ਬਣੇ ਰਹਿਣ ਦੀ ਆਗਿਆ ਦਿੰਦਾ ਹੈ। ਤੁਸੀਂ ਇਹ ਫਾਰਮ ਆਪਣੇ ACRC ਸਰਵਿਸ ਕੋਆਰਡੀਨੇਟਰ ਤੋਂ ਲੈ ਸਕਦੇ ਹੋ।

**ਰੈਪਰੇਜ਼ਿਨਟੇਟਿਵ ਪੇਅਈ:** ਜੇ ਤੁਸੀਂ ਕੰਮ ਕਰਦੇ ਜਾਂ ਪਬਲਿਕ ਬੈਨੇਫਿਟਸ ਲੈਂਦੇ ਹੋ, ਜਿਵੇਂ ਕਿ SSI ਤਾਂ ਤੁਸੀਂ ਆਪਣੀ ਆਮਦਨ ਦਾ ਹਿਸਾਬ ਰੱਖਣ ਲਈ ਕੋਈ ਵਿਅਕਤੀ ਜਾਂ ਏਜੰਸੀ ਨਿਯੁਕਤ ਕਰ ਸਕਦੇ ਹੋ। ਇਹ ਵਿਅਕਤੀ ਜਾਂ ਏਜੰਸੀ "ਰੈਪਰੇਜ਼ਿਨਟੇਟਿਵ ਪੇਅਈ" ਬਣ ਜਾਂਦੇ ਹਨ ਅਤੇ ਇਹ ਪੱਕਾ ਕਰਨ ਵਿਚ ਮਦਦ ਕਰਦੇ ਹਨ ਕਿ ਤੁਹਾਡੇ ਬਿੱਲ ਦਿੱਤੇ ਜਾ ਰਹੇ ਹਨ। ਉਹ ਇਹ ਪੱਕਾ ਕਰਨ ਲਈ ਵੀ ਕੰਮ ਕਰਦੇ ਹਨ ਕਿ ਤੁਸੀਂ "ਓਵਰਰੀਸੋਰਸਡ" ਭਾਵ ਜ਼ਿਆਦਾ ਸੰਪਤੀ ਵਾਲੇ ਨਾ ਹੋ ਜਾਵੋ ਅਤੇ ਪਬਲਿਕ ਬੈਨੇਫਿਟਸ ਲਈ ਆਪਣੀ ਹੱਕਦਾਰੀ ਗਵਾ ਬੈਠੋ। ACRC ਰੈਪਰੇਜ਼ਿਨਟੇਟਿਵ ਪੇਅਈ ਲਈ ਫੰਡ ਦੇ ਸਕਦਾ ਹੈ। ਜੇ ਤੁਸੀਂ ਦਿਲਚਸਪੀ ਰੱਖਦੇ ਹੋਵੋ ਤਾਂ ਇਸ ਬਾਰੇ ਆਪਣੇ ACRC ਸਰਵਿਸ ਕੋਆਰਡੀਨੇਟਰ ਤੋਂ ਪੁੱਛੋ।

ਹੋਰ ਚੋਣਾਂ…

**ਰੀਜਨਲ ਸੈਂਟਰ ਮੈਡੀਕਲ ਕੌਨਸੈਂਟ:** ਕੈਲੇਫੋਰਨੀਆ ਦੇ ਕਾਨੂੰਨ ਅਨੁਸਾਰ, ਰੀਜਨਲ ਸੈਂਟਰ, ਖਾਸ ਹਾਲਤਾਂ ਵਿਚ ਗੈਰ-ਨਿਗਰਾਨੀ ਵਾਲੇ ਬਾਲਗ ਕਲਾਇੰਟਾਂ ਦੇ ਮੈਡੀਕਲ, ਸਰਜੀਕਲ ਜਾਂ ਦੰਦਾਂ ਦੇ ਇਲਾਜ ਲਈ ਸਹਿਮਤੀ ਪ੍ਰਦਾਨ ਕਰ ਸਕਦੇ ਹਨ। ਇਲਾਜ ਕਰਨ ਵਾਲੇ ਇਹ ਸਹਿਮਤੀ ਲੈਣ ਲਈ ਰੀਜਨਲ ਸੈਂਟਰ ਨਾਲ ਸਿੱਧਾ ਸੰਪਰਕ ਕਰਦੇ ਹਨ। ਅਜਿਹੀ ਸਹਿਮਤੀ ਦੇਣ ਤੋਂ ਪਹਿਲਾਂ ਰੀਜਨਲ ਸੈਂਟਰਾਂ ਲਈ ਚੰਗੀ ਤਰ੍ਹਾਂ ਮੈਡੀਕਲ ਰਿਵੀਊ ਕਰਨਾ ਜ਼ਰੂਰੀ ਹੈ। ਇਸ ਦੇ ਇਲਾਵਾ, ਸਾਰੇ ਵਿਅਕਤੀ ਸਹਿਮਤੀ ਦੀ ਲੋੜ ਤੋਂ ਬਿਨਾਂ ਐਮਰਜੰਸੀ ਮੈਡੀਕਲ ਇਲਾਜ ਕਰਵਾ ਸਕਦੇ ਹਨ। ਇਸ ਬਾਰੇ ਜ਼ਿਆਦਾ ਜਾਣਕਾਰੀ ਲਈ ਆਪਣੇ ACRC ਸਰਵਿਸ ਕੋਆਰਡੀਨੇਟਰ ਤੋਂ ਪੁੱਛੋ।

**ਗੁਪਤ ਰਿਕਾਰਡ ਅਤੇ ਜਾਣਕਾਰੀ ਨੂੰ ਜਾਰੀ ਕਰਨ ਲਈ ਸਹਿਮਤੀ:** ਬਾਲਗ ਕਲਾਇੰਟ ਏਜੰਸੀਆਂ ਨੂੰ ਅਧਿਕਾਰ ਦੇਣ ਲਈ ਲਿਖਤੀ ਸਹਿਮਤੀ ਫਾਰਮ ’ਤੇ ਦਸਖਤ ਕਰ ਸਕਦੇ ਹਨ, ਜਿਸ ਵਿਚ ਰੀਜਨਲ ਸੈਂਟਰ ਵੀ ਸ਼ਾਮਲ ਹੈ ਤਾਂ ਜੋ ਉਹ ਹੋਰ ਵਿਅਕਤੀਆਂ,ਜਿਨ੍ਹਾਂ ਵਿਚ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹਨ, ਨਾਲ ਗੱਲਬਾਤ ਕਰ ਸਕਣ ਅਤੇ ਕਲਾਇੰਟ ਦੇ ਗੁਪਤ ਰਿਕਾਰਡ ਉਨ੍ਹਾਂ ਨੂੰ ਦੇ ਸਕਣ। ਇਸ ਮੰਤਵ ਖਾਤਰ ਕਲਾਇੰਟ ਦੇ ਦਸਖਤ ਲਈ ਤੁਹਾਡੇ ਬੱਚੇ ਦਾ ACRC ਸਰਵਿਸ ਕੋਆਰਡੀਨੇਟਰ ਖਾਲੀ ਸਹਿਮਤੀ ਫਾਰਮ ਪ੍ਰਦਾਨ ਕਰ ਸਕਦਾ ਹੈ।

**ਗਾਰਡੀਅਨ ਐਡ ਲਿਟਮ:** ਅਦਾਲਤ ਕਿਸੇ ਬਾਲਗ ਕਲਾਇੰਟ ਲਈ “ਗਾਰਡੀਅਨ ਐਡ ਲਿਟਮ” ਨਿਯੁਕਤ ਕਰ ਸਕਦੀ ਹੈ ਜਿਹੜਾ ਇਕੱਲਾ ਫੈਸਲੇ ਕਰਨ ਦੇ ਅਯੋਗ ਹੈ। ਗਾਰਡੀਅਨ ਐਡ ਲਿਟਮ ਮਾਪਾ, ਨੇੜਲੇ ਰਿਸ਼ਤੇਦਾਰ, ਜਾਂ ਕੋਈ ਅਟਾਰਨੀ ਹੋ ਸਕਦਾ ਹੈ। ਜੇ ਗਾਰਡੀਅਨ ਐਡ ਲਿਟਮ ਕੋਈ ਅਟਾਰਨੀ ਨਹੀਂ ਹੈ ਤਾਂ ਕਲਾਇੰਟ ਦੀ ਨੁਮਾਇੰਦਗੀ ਕਿਸੇ ਅਟਾਰਨੀ ਵਲੋਂ ਵੀ ਕੀਤੀ ਜਾਵੇਗੀ।

**ਹਿਮਾਇਤ ਕਰਨ ਵਾਲੀਆਂ ਸਥਾਨਕ ਸੰਸਥਾਵਾਂ: ਔਫਿਸ ਔਫ ਕਲਾਇੰਟਸ ਰਾਈਟਸ ਐਡਵੋਕੇਸੀ (Office of Clients’ Rights Advocacy, OCRA)** ਇਕੱਲਾ ਹੀ ਰੀਜਨਲ ਸੈਂਟਰ ਦੇ ਕਲਾਇੰਟਾਂ ਨੂੰ ਕਾਨੂੰਨੀ ਮਦਦ ਅਤੇ ਰੈਫਰਲ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। OCRA ਦੀ ਮੂਲ ਸੰਸਥਾ, **ਡਿਸਏਬਿਲਟੀ ਰਾਈਟਸ ਕੈਲੇਫੋਰਨੀਆ (Disability Rights California, DRC)** ਵੀ ਅਪਾਹਜਤਾਵਾਂ ਵਾਲੇ ਸਾਰੇ ਵਿਅਕਤੀਆਂ ਲਈ ਕਾਨੂੰਨੀ ਮਦਦ ਅਤੇ ਰੈਫਰਲ ਪ੍ਰਦਾਨ ਕਰਨ ਲਈ ਮੌਜੂਦ ਹੈ, ਜਿਨ੍ਹਾਂ ਵਿਚ ਰੀਜਨਲ ਸੈਂਟਰ ਦੇ ਕਲਾਇੰਟ ਵੀ ਸ਼ਾਮਲ ਹਨ। ਤੁਸੀਂ ਇਨ੍ਹਾਂ ਏਜੰਸੀਆਂ ਨਾਲ ਸੰਪਰਕ ਕਰਨ ਲਈ ਜਾਣਕਾਰੀ ਆਪਣੇ ਬੱਚੇ ਦੇ ACRC ਸਰਵਿਸ ਕੋਆਰਡੀਨੇਟਰ ਤੋਂ ਲੈ ਸਕਦੇ ਹੋ।

# ਕਨਜ਼ਰਵੇਟਰਸ਼ਿਪਸ

**ਕਨਜ਼ਰਵੇਟਰਸ਼ਿਪ:** ਇਕ ਕਾਨੂੰਨੀ ਅਮਲ ਜਿਸ ਵਿਚ ਤੁਹਾਡੇ ਸ਼ਹਿਰੀ ਹੱਕ ਲੈ ਲਏ ਜਾਂਦੇ ਹਨ ਜਾਂ ਸੀਮਤ ਕਰ ਦਿੱਤੇ ਜਾਂਦੇ ਹਨ, ਅਤੇ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਨੂੰ ਦੇ ਦਿੱਤੇ ਜਾਂਦੇ ਹਨ। ਕਨਜ਼ਰਵੇਟਰਸ਼ਿਪ ਦਾ ਮੰਤਵ ਉਨ੍ਹਾਂ ਲੋਕਾਂ ਦੀ ਮਦਦ ਅਤੇ ਹਿਫਾਜ਼ਤ ਕਰਨਾ ਹੈ ਜਿਹੜੇ ਆਪਣੇ ਫੈਸਲੇ ਆਪ ਨਹੀਂ ਕਰ ਸਕਦੇ।

ਆਉ ਇਸ ’ਤੇ ਤੁਹਾਡੇ ਪਰਿਵਾਰ ਦੀ ਦ੍ਰਿਸ਼ਟੀ ਤੋਂ ਨਿਗ੍ਹਾ ਮਾਰੀਏ...

ਕਿਸੇ ਵਿਅਕਤੀ ਨੂੰ *ਕਿਸੇ ਵਿਅਕਤੀ ਦਾ ਕਨਜ਼ਰਵੇਟਰ* ਜਾਂ *ਇਸਟੇਟ ਦਾ ਕਨਜ਼ਰਵੇਟਰ* ਨਿਯੁਕਤ ਕੀਤਾ ਜਾ ਸਕਦਾ ਹੈ, ਜਾਂ ਦੋਨਾਂ ਲਈ ਨਿਯੁਕਤ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋ ਕਿਸਮਾਂ ਦੀ ਕਨਜ਼ਰਵੇਟਰਸ਼ਿਪ ਵਿਚਕਾਰ ਫਰਕ ਇਨ੍ਹਾਂ ਦੇ ਟਾਈਟਲਾਂ ਵਿਚ ਹੈ। *ਵਿਅਕਤੀ ਦੀ* ਕਨਜ਼ਰਵੇਟਰਸ਼ਿਪ ਕਨਜ਼ਰਵੇਟਰ ਨੂੰ ਇਸ ਚੀਜ਼ ਬਾਰੇ ਫੈਸਲੇ ਕਰਨ ਦਾ ਅਧਿਕਾਰ ਦਿੰਦੀ ਹੈ ਕਿ ਵਿਅਕਤੀ ਦੀ ਸੰਭਾਲ ਕਿਵੇਂ ਕੀਤੀ ਜਾਣੀ ਹੈ (ਜਿਵੇਂ, ਇਲਾਜ, ਉਹ ਕਿੱਥੇ ਅਤੇ ਕਿਵੇਂ ਰਹਿੰਦਾ/ਰਹਿੰਦੀ ਹੈ)। *ਇਸਟੇਟ ਦੀ* ਕਨਜ਼ਰਵੇਟਰਸ਼ਿਪ ਵਿਅਕਤੀ ਦੀ ਸੰਪਤੀ ਬਾਰੇ ਫੈਸਲਿਆਂ ਨਾਲ ਸੰਬੰਧਿਤ ਹੈ (ਬੈਂਕ ਅਕਾਉਂਟ, ਰੀਅਲ ਅਤੇ ਨਿੱਜੀ ਪ੍ਰਾਪਰਟੀ।)

ਇਸ ਤੋਂ ਪਹਿਲਾਂ ਕਿ ਅਦਾਲਤ ਕਿਸੇ ਵਿਅਕਤੀ ਦਾ ਕਨਜ਼ਰਵੇਟਰ ਨਿਯੁਕਤ ਕਰੇ, ਕਨਜ਼ਰਵੇਟਰਸ਼ਿਪ ਦੀ ਬੇਨਤੀ ਕਰ ਰਹੀ ਧਿਰ ਲਈ ਅਦਾਲਤ ਨੂੰ ਇਹ ਦਿਖਾਉਣਾ ਜ਼ਰੂਰੀ ਹੈ ਕਿ ਤਜਵੀਜ਼ਸ਼ੁਦਾ ਕਨਜ਼ਰਵੇਟੀ, ਖਾਣੇ, ਕੱਪੜਿਆਂ ਜਾਂ ਰਿਹਾਇਸ਼ ਅਤੇ ਇਲਾਜ ਨਾਲ ਸੰਬੰਧਿਤ ਆਪਣੀਆਂ ਲੋੜਾਂ ਸਹੀ ਤਰ੍ਹਾਂ ਪੂਰੀਆਂ ਕਰਨ ਦੇ ਅਯੋਗ ਹੈ। ਇਸੇ ਤਰ੍ਹਾਂ ਕਿਸੇ ਇਸਟੇਟ ਦਾ ਕਨਜ਼ਰਵੇਟਰ ਨਿਯੁਕਤ ਹੋਣ ਲਈ, ਉਸ ਧਿਰ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਉਹ ਵਿਅਕਤੀ ਆਪਣਾ ਨਿੱਜੀ ਪੈਸਾ ਸਾਂਭਣ ਦੇ ਅਯੋਗ ਹੈ, ਜਾਂ ਉਸ ਨਾਲ ਫਰਾਡ ਹੋ ਸਕਦਾ ਹੈ ਜਾਂ ਕਿਸੇ ਅਜਿਹੇ ਵਿਅਕਤੀ ਦਾ ਉਸ ’ਤੇ “ਨਾਜਾਇਜ਼ ਅਸਰ” ਪੈ ਸਕਦਾ ਹੈ ਜਿਸ ਲਈ ਉਸ ਦੇ ਬਿਹਤਰ ਹਿੱਤ ਮੁੱਖ ਫਿਕਰ ਨਹੀਂ ਹਨ।

ਇਨ੍ਹਾਂ ਵਿੱਚੋਂ ਕਿਸੇ ਕਿਸਮ ਦੀ ਵੀ ਕਨਜ਼ਰਵੇਟਰਸ਼ਿਪ ਦੀ ਵਰਤੋਂ, ਕਿਸੇ ਵਿਅਕਤੀ ਦੇ ਵਤੀਰੇ ਨੂੰ ਕੰਟਰੋਲ ਕਰਨ ਲਈ ਜਾਂ ਉਸ ਦੀ ਰਹਿਣੀ-ਬਹਿਣੀ ਦੀਆਂ ਚੋਣਾਂ ਨੂੰ ਬੇਲੋੜੀਂਦੇ ਤਰੀਕੇ ਨਾਲ ਸੀਮਤ ਕਰਨ ਲਈ ਨਹੀਂ ਕੀਤੀ ਜਾ ਸਕਦੀ।

ਕਨਜ਼ਰਵੇਟਰਸ਼ਿਪ ਆਮ ਤੌਰ ’ਤੇ ਪੱਕੀ ਹੁੰਦੀ ਹੈ ਅਤੇ ਇਹ ਵਿਅਕਤੀ ਦੀ ਜ਼ਿੰਦਗੀ ਭਰ ਰਹਿੰਦੀ ਹੈ। ਪਰ, ਐਮਰਜੰਸੀ ਹਾਲਤਾਂ ਵਿਚ ਟੈਂਪਰੇਰੀ ਕਨਜ਼ਰਵੇਟਰਸ਼ਿਪ ਮੰਗੀ ਜਾ ਸਕਦੀ ਹੈ।

**ਕਨਜ਼ਰਵੇਟਰਸ਼ਿਪ ਦੇ ਬਦਲ/ਘੱਟ ਤੋਂ ਘੱਟ ਬੰਦਸ਼ਾਂ ਵਾਲੀਆਂ ਚੋਣਾਂ:**

ACRC ਵਿਖੇ ਅਸੀਂ ਇਹ ਦੇਖਿਆ ਹੈ ਕਿ ਬਹੁਤ ਸਾਰੇ ਪਰਿਵਾਰ, ਕਨਜ਼ਰਵੇਟਰਸ਼ਿਪ ਲਈ ਲੋੜ ਤੋਂ ਬਿਨਾਂ ਆਪਣੇ ਬੱਚਿਆਂ ਦੇ ਸਵੈ-ਫੈਸਲਿਆਂ ਅਤੇ ਆਜ਼ਾਦੀ ਨੂੰ ਉਤਸ਼ਾਹ ਦਿੰਦੇ ਹੋਏ, ਆਪਣੇ ਬਾਲਗ ਬੱਚਿਆਂ ਦੀ ਹਿਫਾਜ਼ਤ ਕਰਨ ਵਿਚ ਮਦਦ ਕਰਨ ਲਈ ਪਿਛਲੇ ਸੈਕਸ਼ਨ ਵਿਚ ਦਿੱਤੇ ਗਏ ਤਰੀਕਿਆਂ ਦੀ ਵਰਤੋਂ ਕਰਨ ਦੇ ਯੋਗ ਹਨ। ਪਰ ਕਨਜ਼ਰਵੇਟਰਸ਼ਿਪ ਬਾਲਗ ਕਲਾਇੰਟਾਂ ਲਈ ਇਕ ਢੁਕਵਾਂ ਕਾਨੂੰਨੀ ਇੰਤਜ਼ਾਮ ਹੋ ਸਕਦੀ ਹੈ ਜਦੋਂ ਉਹ ਚੋਣਾਂ ਕਲਾਇੰਟ ਦੀ ਰੱਖਿਆ ਕਰਨ ਲਈ ਕਾਫੀ ਨਾ ਹੋਣ।

ਕਨਜ਼ਰਵੇਟਰਸ਼ਿਪ ਲੈਣਾ ਇਕ ਕਾਨੂੰਨੀ ਅਮਲ ਹੈ ਜਿਸ ਨੂੰ ਕੁਝ ਸਮਾਂ ਲੱਗਦਾ ਹੈ ਅਤੇ ਇਸ ਨਾਲ ਜੁੜੇ ਹੋਏ ਖਰਚੇ ਵੀ ਹਨ।

ਜੇ ਤੁਸੀਂ ਆਪਣੇ ਪੁੱਤਰ ਜਾਂ ਧੀ ਲਈ ਕਨਜ਼ਰਵਿੰਗ ਦੀ ਵਿਚਾਰ ਕਰਨ ਦਾ ਫੈਸਲਾ ਕਰਦੇ ਹੋ ਤਾਂ ਤੁਸੀਂ ਸ਼ਾਇਦ ਹੋਰ ਖੋਜ ਕਰਨਾ ਚਾਹੋਗੇ ਅਤੇ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹ ਸਕਦੇ ਹੋ। ਅਗਲੇ ਸਫਿਆਂ ’ਤੇ ਪ੍ਰੋਬੇਟ ਕਨਜ਼ਰਵੇਟਰਸ਼ਿਪ ਦੀਆਂ ਵੱਖ ਵੱਖ ਕਿਸਮਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ।

**ਲਿਮਟਿਡ ਕਨਜ਼ਰਵੇਟਰਸ਼ਿਪ:** ਲਿਮਟਿਡ (ਸੀਮਤ) ਕਨਜ਼ਰਵੇਟਰਸ਼ਿਪ *ਸਿਰਫ* ਵਿਕਾਸ ਨਾਲ ਸੰਬੰਧਿਤ ਅਪਾਹਜਤਾ ਵਾਲੇ ਬਾਲਗਾਂ ਲਈ ਤਿਆਰ ਕੀਤੀ ਗਈ ਸੀ। ਇਹ ਇਸ ਤੱਥ ਨੂੰ ਸਾਹਮਣੇ ਲਿਆਉਂਦੀ ਹੈ ਕਿ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਵਿਅਕਤੀਆਂ ਦੀਆਂ ਵੱਖ ਵੱਖ ਖੇਤਰਾਂ ਵਿਚ ਵੱਖ ਵੱਖ ਸਮਰਥਾਵਾਂ ਹੁੰਦੀਆਂ ਹਨ, ਅਤੇ ਇਹ ਉਨ੍ਹਾਂ ਵਿਅਕਤੀਆਂ ਨੂੰ ਫੈਸਲੇ ਕਰਨ ਲਈ ਉਤਸ਼ਾਹ ਦਿੰਦੀ ਹੈ, ਜਿੱਥੇ ਉਹ ਫੈਸਲੇ ਕਰ ਸਕਦੇ ਹਨ, ਜਿਸ ਨਾਲ ਸਵੈ-ਫੈਸਲਿਆਂ ਅਤੇ ਆਜ਼ਾਦੀ ਨੂੰ ਉਤਸ਼ਾਹ ਮਿਲਦਾ ਹੈ।

ਇਸ ਇੰਤਜ਼ਾਮ ਵਿਚ ਕਨਜ਼ਰਵੇਟਰ ਨੂੰ ਦਿੱਤਾ ਗਿਆ ਅਧਿਕਾਰ ਸਿਰਫ ਉਨ੍ਹਾਂ ਖੇਤਰਾਂ ਤੱਕ ਹੀ "ਸੀਮਤ" ਹੈ ਜਿਨ੍ਹਾਂ ਵਿਚ ਅਦਾਲਤ ਯਕੀਨ ਕਰਦੀ ਹੈ ਕਿ ਅਪਾਹਜ ਵਿਅਕਤੀ ਨੂੰ ਮਦਦ ਦੀ ਲੋੜ ਹੈ। ਇਸ ਕਰਕੇ, ਜੱਜ ਲਈ ਇਸ ਚੀਜ਼ ਬਾਰੇ ਵੱਖਰਾ ਫੈਸਲਾ ਕਰਨਾ ਜ਼ਰੂਰੀ ਹੈ ਕਿ ਕੀ ਕਲਾਇੰਟ ਅੱਗੇ ਲਿਖੇ ਸੱਤ ਹੱਕਾਂ ਵਿੱਚੋਂ ਹਰ ਕੋਈ ਕਾਇਮ ਰੱਖ ਸਕਦਾ ਹੈ:

ਇਹ ਫੈਸਲਾ ਕਰਨ ਦਾ ਹੱਕ ਕਿ ਉਹ ਕਿੱਥੇ ਰਹਿੰਦਾ ਜਾਂ ਰਹਿੰਦੀ ਹੈ

ਆਪਣੇ ਗੁਪਤ ਰਿਕਾਰਡਾਂ (ਵਿਦਿਅਕ, ਮੈਡੀਕਲ, ਆਦਿ) ਤੱਕ ਪਹੁੰਚ ਕਰਨ ਦਾ ਹੱਕ

ਵਿਆਹ ਕਰਵਾਉਣ ਦਾ ਹੱਕ

ਇਕਰਾਰਨਾਮਾ ਕਰਨ ਦਾ ਹੱਕ

ਇਲਾਜ ਲਈ ਸਹਿਮਤੀ ਦੇਣ ਦਾ ਹੱਕ

ਸਮਾਜਿਕ ਜਾਂ ਕਾਮੁਕ ਸੰਪਰਕ ਕਰਨ ਦਾ ਹੱਕ

ਆਪਣੀ ਪੜ੍ਹਾਈ ਜਾਂ ਕਿੱਤੇ ਬਾਰੇ ਫੈਸਲੇ ਕਰਨ ਦਾ ਹੱਕ

ਲਿਮਟਿਡ ਕਨਜ਼ਰਵੇਟਰਸ਼ਿਪ, ਕਨਜ਼ਰਵਡ ਵਿਅਕਤੀ ਨੂੰ ਚੋਣ ਅਤੇ ਕੰਟਰੋਲ ਕਰਨ ਦੀ ਜ਼ਿਆਦਾ ਹੈਸੀਅਤ ਦਿੰਦੀ ਹੈ ਅਤੇ ਅਜਿਹਾ ਉਸ ਨੂੰ ਆਪਣੀ ਜ਼ਿੰਦਗੀ ਬਾਰੇ ਕੁਝ ਫੈਸਲੇ ਕਰਨ ਦੀ ਆਗਿਆ ਦੇ ਕੇ ਕਰਦੀ ਹੈ, ਪਰ ਸਾਰੇ ਨਹੀਂ। ਇਹ ਵਿਅਕਤੀ ਨੂੰ ਆਜ਼ਾਦ ਹੋਣ ਲਈ ਉਤਸ਼ਾਹ ਦਿੰਦੀ ਹੈ ਅਤੇ ਉਸ ਨੂੰ ਇਕ ਹੱਦ ਤੱਕ ਸਵੈ-ਸੇਧ ਲਈ ਸ਼ਾਮਲ ਕਰਦੀ ਹੈ ਜਿਸ ਦੇ ਉਹ ਯੋਗ ਹੁੰਦਾ ਹੈ।

ਕਾਨੂੰਨ ਹੇਠ ਲਿਮਟਿਡ ਕਨਜ਼ਰਵੇਟਰਸ਼ਿਪ ਨੂੰ ਢੁਕਵੀਂ ਸਮਝਿਆ ਜਾਂਦਾ ਹੈ, ਅਤੇ ਇਹ ਉਸ ਦਾ ਆਪਣੀ ਆਮਦਨ ਨੂੰ ਕੰਟਰੋਲ ਕਰਨ ਦਾ ਅਤੇ ਵੋਟ ਪਾਉਣ ਦਾ ਹੱਕ ਕਾਇਮ ਰੱਖਦੀ ਹੈ, ਜੇ ਇਹ ਹੱਕ ਅਦਾਲਤ ਵਲੋਂ ਖਾਸ ਤੌਰ 'ਤੇ ਹਟਾਏ ਨਹੀਂ ਗਏ। ਲਿਮਟਿਡ ਕਨਜ਼ਰਵੇਟਰਸ਼ਿਪ ਮੈਡੀਕਲ ਇਲਾਜ ਦਾ ਵਿਰੋਧ ਕਰਨ ਦਾ ਹੱਕ ਵੀ ਕਾਇਮ ਰੱਖਦੀ ਹੈ, ਕਨਜ਼ਰਵੇਟਰ ਦੀਆਂ ਇੱਛਾਵਾਂ ਦੇ ਖਿਲਾਫ ਵੀ।

**ਰੀਜਨਲ ਸੈਂਟਰ ਦੇ ਕਲਾਇੰਟ ਲਈ ਲਿਮਟਿਡ ਕਨਜ਼ਰਵੇਟਰਸ਼ਿਪ ਸਦਾ ਪਹਿਲਾਂ ਵਿਚਾਰੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਕਨਜ਼ਰਵੇਟਰਸ਼ਿਪ ਦੀ ਘੱਟ ਤੋਂ ਘੱਟ ਬੰਦਸ਼ ਲਾਉਣ ਵਾਲੀ ਕਿਸਮ ਹੈ। ਪਰ, ਜੱਜ ਨੂੰ ਰੀਜਨਲ ਸੈਂਟਰ ਦੇ ਕਲਾਇੰਟ ਤੋਂ ਉੱਪਰ ਜਨਰਲ (ਆਮ) ਕਨਜ਼ਰਵੇਟਰਸ਼ਿਪ ਦੇਣ ਦਾ ਹੱਕ ਹੈ, ਜੇ ਜੱਜ ਇਸ ਨੂੰ ਜ਼ਿਆਦਾ ਢੁਕਵੀਂ ਸਮਝਦਾ ਹੋਵੇ।**

**ਜਨਰਲ ਕਨਜ਼ਰਵੇਟਰਸ਼ਿਪ:** ਜਨਰਲ (ਆਮ) ਕਨਜ਼ਰਵੇਟਰਸ਼ਿਪ ਕਿਸੇ ਵੀ ਉਸ ਵਿਅਕਤੀ ’ਤੇ ਦਿੱਤੀ ਜਾ ਸਕਦੀ ਹੈ ਜਿਸ ਦੀ ਅਪਾਹਜਤਾ ਬਾਰੇ ਪਤਾ ਹੈ ਜਿਹੜੀ ਫੈਸਲੇ ਕਰਨ ਵਿਚ ਦਖਲਅੰਦਾਜ਼ੀ ਕਰਦੀ ਹੈ। ਉਦਾਹਰਣ ਲਈ, ਡਿਮੈਂਸ਼ੀਆ ਵਾਲਾ ਕੋਈ ਬਜ਼ੁਰਗ ਜਨਰਲ ਕਨਜ਼ਰਵੇਟਰਸ਼ਿਪ ਹੇਠ ਆ ਸਕਦਾ ਹੈ।

ਜਨਰਲ ਕਨਜ਼ਰਵੇਟਰਸ਼ਿਪ, ਕਨਜ਼ਰਵੇਟਰ ਨੂੰ ਕਿਸੇ ਵਿਅਕਤੀ ਲਈ ਤਕਰੀਬਨ ਸਾਰੇ ਫੈਸਲੇ ਕਰਨ ਦੀਆਂ ਵੱਡੀਆਂ ਸ਼ਕਤੀਆਂ ਦਿੰਦੀ ਹੈ, ਅਤੇ ਇਸ ਵਿਚ ਆਮ ਤੌਰ ’ਤੇ ਮੈਡੀਕਲ ਸਹਿਮਤੀ ਦੇਣ ਜਾਂ ਨਾਂਹ ਕਰਨ ਦਾ **ਰਾਖਵਾਂ** ਹੱਕ ਵੀ ਸ਼ਾਮਲ ਹੁੰਦਾ ਹੈ। (ਇਸ ਦਾ ਮਤਲਬ ਇਹ ਹੈ ਕਿ ਕਨਜ਼ਰਵੇਟੀ ਕੋਲ ਮੈਡੀਕਲ ਇਲਾਜ ਦਾ ਵਿਰੋਧ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।) ਜਨਰਲ ਕਨਜ਼ਰਵੇਟਰਸ਼ਿਪ ਹੇਠ ਕਨਜ਼ਰਵੇਟੀ ਨੂੰ ਕਾਨੂੰਨੀ ਤੌਰ ’ਤੇ ਅਸਮਰਥ ਸਮਝਿਆ ਜਾਂਦਾ ਹੈ। ਉਹ ਵਿਆਹ ਕਰਵਾਉਣ ਦਾ ਹੱਕ, ਆਮਦਨੀ ਦਾ ਹੱਕ, ਅਤੇ ਵੋਟ ਪਾਉਣ ਦਾ ਹੱਕ ਕਾਇਮ ਰੱਖ ਸਕਦਾ ਜਾਂ ਰੱਖ ਸਕਦੀ ਹੈ, ਜੇ ਉਹ ਹੱਕ ਵੀ ਹਟਾਏ ਨਹੀਂ ਗਏ (ਅਤੇ ਉਹ ਆਮ ਤੌਰ ’ਤੇ ਜਨਰਲ ਕਨਜ਼ਰਵੇਟਰਸ਼ਿਪ ਹੇਠ ਹਟਾ ਦਿੱਤੇ ਜਾਂਦੇ ਹਨ)।

**ਵਤੀਰੇ ਨੂੰ ਕੰਟਰੋਲ ਕਰਨ ਲਈ ਜਾਂ ਰਹਿਣੀ-ਬਹਿਣੀ ਦੀਆਂ ਚੋਣਾਂ ਨੂੰ ਬੇਲੋੜੀਂਦੇ ਤਰੀਕੇ ਨਾਲ ਸੀਮਤ ਕਰਨ ਲਈ ਕਨਜ਼ਰਵੇਟਰਸ਼ਿਪ ਦੇ ਕਿਸੇ ਰੂਪ ਦੀ ਵੀ ਵਰਤੋਂ ਨਹੀਂ ਕੀਤੀ ਜਾ ਸਕਦੀ*

**ਲੈਂਟਰਮੈਨ-ਪੀਟਰਿਸ-ਸ਼ੌਰਟ (Lanterman-Petris-Short, LPS) ਕਨਜ਼ਰਵੇਟਰਸ਼ਿਪ:** LPS ਕਨਜ਼ਰਵੇਟਰਸ਼ਿਪ ਨੂੰ ਅਕਸਰ “ਮਾਨਸਿਕ ਸਿਹਤ” ਲਈ ਕਨਜ਼ਰਵੇਟਰਸ਼ਿਪ ਵੀ ਆਖਿਆ ਜਾਂਦਾ ਹੈ। ਇਹ ਕਨਜ਼ਰਵੇਟਰਸ਼ਿਪ ਸਿਰਫ ਉਨ੍ਹਾਂ ਵਿਅਕਤੀਆਂ ਲਈ ਦਿੱਤੀ ਜਾਂਦੀ ਹੈ ਜਿਹੜੇ ਕਿਸੇ ਮਾਨਸਿਕ ਬੀਮਾਰੀ ਕਾਰਨ ਜਾਂ ਨਸ਼ਿਆਂ ਦੀ ਦੁਰਵਰਤੋਂ ਦੀ ਸਮੱਸਿਆ ਕਾਰਨ ਬਹੁਤ ਜ਼ਿਆਦਾ ਅਪਾਹਜ ਸਮਝੇ ਗਏ ਹਨ। LPS ਕਨਜ਼ਰਵੇਟਰਸ਼ਿਪ ਆਮ ਤੌਰ ’ਤੇ ਵਿਅਕਤੀ ਦੀ ਰਿਹਾਇਸ਼ ਵਾਲੀ ਕਾਉਂਟੀ ਦੇ ਮੈਂਟਲ ਹੈਲਥ ਦੇ ਵਿਭਾਗ ਵਲੋਂ ਸ਼ੁਰੂ ਕੀਤੀ ਜਾਂਦੀ ਹੈ, ਅਤੇ ਇਹ ਜੇ ਲੋੜ ਹੋਵੇ ਤਾਂ ਕਨਜ਼ਰਵੇਟਰ (ਆਮ ਤੌਰ ’ਤੇ ਮੈਂਟਲ ਹੈਲਥ ਦੇ ਕਾਉਂਟੀ ਵਿਭਾਗ ਜਾਂ ਕਾਉਂਟੀ ਪਬਲਿਕ ਗਾਰਡੀਅਨ) ਨੂੰ ਉਸ ਵਿਅਕਤੀ ਨੂੰ ਤਾਲਾਬੰਦ ਸਾਇਕਐਟਰਿਕ ਸਥਾਨ ਵਿਚ ਡੱਕਣ ਦੀ ਆਗਿਆ ਦਿੰਦੀ ਹੈ ਤਾਂ ਜੋ ਉਸ ਵਿਅਕਤੀ ਦਾ ਲੋੜੀਂਦਾ ਇਲਾਜ ਹੋ ਸਕੇ ਅਤੇ ਉਸ ਨੂੰ ਸਥਿਰ ਕੀਤਾ ਜਾ ਸਕੇ। LPS ਕਨਜ਼ਰਵੇਟਰਸ਼ਿਪ ਇਕ ਸਾਲ ਨਾਲੋਂ ਜ਼ਿਆਦਾ ਸਮੇਂ ਲਈ ਲਾਗੂ ਨਹੀਂ ਹੁੰਦੀ, ਪਰ ਇਸ ਨੂੰ ਸਾਲ ਬਾਅਦ ਨਵਿਆਇਆ ਜਾ ਸਕਦਾ ਹੈ।

LPS ਕਨਜ਼ਰਵੇਟਰਸ਼ਿਪ, ਕਨਜ਼ਰਵੇਟਰਸ਼ਿਪ ਦੀ ਸਭ ਤੋਂ ਜ਼ਿਆਦਾ ਬੰਦਸ਼ਾਂ ਵਾਲੀ ਕਿਸਮ ਹੈ ਕਿਉਂਕਿ ਇਹ ਵਿਅਕਤੀ ਦੀ ਘੁੰਮਣ ਫਿਰਨ ਦੀ ਆਜ਼ਾਦੀ ’ਤੇ ਬੰਦਸ਼ ਲਾਉਂਦੀ ਹੈ। ਜਿਵੇਂ ਕਿ ਤੁਸੀਂ ਖਿਆਲ ਕਰ ਸਕਦੇ ਹੋ, LPS ਕਨਜ਼ਰਵੇਟਰਸ਼ਿਪ ਸ਼ੁਰੂ ਕਰਨ ਲਈ ਸ਼ਰਤਾਂ ਜ਼ਿਆਦਾ ਕਰੜੀਆਂ ਹਨ ਅਤੇ ਇਹ ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਲਿਮਟਿਡ ਜਾਂ ਜਨਰਲ ਕਨਜ਼ਰਵੇਟਰਸ਼ਿਪ ਹਾਸਲ ਕਰਨ ਲਈ ਸ਼ਰਤਾਂ ਤੋਂ ਬਹੁਤ ਜ਼ਿਆਦਾ ਵੱਖਰੀਆਂ ਹਨ।

# ਤਬਦੀਲੀ ਦੀਆਂ ਸੇਵਾਵਾਂ - *ਉਮਰ 18-22*

ਜਦੋਂ ਪੜ੍ਹਾਈ ਦੀ ਨਿੱਜੀ ਪਲੈਨ (Individualized Education Plan, IEP) ਵਾਲਾ ਕਲਾਇੰਟ ਹਾਈ ਸਕੂਲ ਵਿਚ ਦਾਖਲ ਹੁੰਦਾ ਹੈ ਤਾਂ ਪੜ੍ਹਾਈ ਦੀ ਨਿੱਜੀ ਪਲੈਨ (IEP) ਦੀ ਮੰਗ ਇਹ ਪਤਾ ਲਾਉਣ ਲਈ ਕੀਤੀ ਜਾਂਦੀ ਹੈ ਕਿ ਕੀ ਵਿਦਿਆਰਥੀ ਡਿਪਲੋਮੇ ਨਾਲ ਗਰੈਜੂਏਟ ਹੋਵੇਗਾ, ਜਾਂ ਸਰਟੀਫਿਕੇਟ ਔਫ ਕਮਪਲੀਸ਼ਨ ਹਾਸਲ ਕਰੇਗਾ ਜੋ ਕਿ ਪੜ੍ਹਾਈ ਦੀਆਂ ਖਾਸ ਸੇਵਾਵਾਂ ਉਦੋਂ ਤੱਕ ਜਾਰੀ ਰੱਖਣ ਦੀ ਆਗਿਆ ਦੇਣਗੇ ਜਦ ਤੱਕ ਵਿਦਿਆਰਥੀ 22 ਸਾਲ ਦੀ ਉਮਰ ’ਤੇ ਨਹੀਂ ਪਹੁੰਚ ਜਾਂਦਾ।

ਜਿਹੜਾ ਵਿਦਿਆਰਥੀ 22 ਸਾਲ ਦੀ ਉਮਰ ਤੋਂ ਪਹਿਲਾਂ ਸਰਟੀਫਿਕੇਟ ਔਫ ਕਮਪਲੀਸ਼ਨ ਨਾਲ ਹਾਈ ਸਕੂਲ ਖਤਮ ਕਰ ਲੈਂਦਾ ਹੈ, ਉਸ ਲਈ ਸਕੂਲ ਜ਼ਿਲਾ 22 ਸਾਲ ਦੀ ਉਮਰ ਤੱਕ ਤਬਦੀਲੀ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਅਪਾਹਜਤਾਵਾਂ ਵਾਲੇ ਵਿਅਕਤੀਆਂ ਲਈ ਪੜ੍ਹਾਈ ਦਾ ਐਕਟ (Individuals with Disabilities Education Act, IDEA) “ਤਬਦੀਲੀ ਦੀਆਂ ਸੇਵਾਵਾਂ” ਨੂੰ “ਸਰਗਰਮੀਆਂ ਦੇ ਤਾਲਮੇਲ ਵਾਲੇ ਸੈੱਟ ਦੇ ਤੌਰ ’ਤੇ ਪ੍ਰਭਾਸ਼ਿਤ ਕਰਦਾ ਹੈ ਜਿਹੜਾ ਅਜਿਹੇ ਨਤੀਜਿਆਂ ’ਤੇ ਕੇਂਦਰਿਤ ਹੁੰਦਾ ਹੈ ਜਿਹੜੇ ਵਿਦਿਆਰਥੀ ਦੀ ਸਕੂਲ ਤੋਂ ਲੈ ਕੇ ਸਕੂਲ ਤੋਂ ਬਾਅਦ ਦੀਆਂ ਸਰਗਰਮੀਆਂ ਵੱਲ ਤਬਦੀਲੀ ਨੂੰ ਉਤਸ਼ਾਹ ਦਿੰਦੇ ਹਨ, ਜਿਸ ਵਿਚ ਪੋਸਟ ਸੈਕੰਡਰੀ ਪੜ੍ਹਾਈ, ਕਿੱਤੇ ਦੀ ਟਰੇਨਿੰਗ, ਸਮੁੱਚਾ ਰੁਜ਼ਗਾਰ (ਸਮੇਤ ਸਹਾਇਤਾ ਪ੍ਰਾਪਤ ਰੁਜ਼ਗਾਰ ਦੇ), ਜਾਰੀ ਰਹਿਣ ਵਾਲੀ ਅਤੇ ਬਾਲਗਾਂ ਲਈ ਪੜ੍ਹਾਈ, ਬਾਲਗਾਂ ਲਈ ਸੇਵਾਵਾਂ, ਆਜ਼ਾਦ ਰਹਿਣੀ, ਜਾਂ ਕਮਿਉਨਟੀ ਵਿਚ ਸ਼ਮੂਲੀਅਤ ਸ਼ਾਮਲ ਹਨ ਅਤੇ ਜੇ ਢੁਕਵਾਂ ਹੋਵੇ ਤਾਂ ਰੋਜ਼ਾਨਾ ਰਹਿਣੀ-ਬਹਿਣੀ ਦੇ ਹੁਨਰ ਅਤੇ/ਜਾਂ ਫੰਕਸ਼ਨਲ ਵੋਕੇਸ਼ਨਲ ਇਵੈਲੂਏਸ਼ਨ ਵੀ ਸ਼ਾਮਲ ਹਨ।” ਤਬਦੀਲੀ ਦੀ ਪਲੈਨਿੰਗ ਹਰ IEP ਦਾ ਹਿੱਸਾ ਹੈ ਜੋ ਕਿ ਵਿਦਿਆਰਥੀ ਦੇ 14 ਸਾਲ ਦਾ ਹੋਣ ’ਤੇ ਜਾਂ ਪਹਿਲਾਂ ਸ਼ੁਰੂ ਹੋ ਜਾਂਦੀ ਹੈ, ਜੇ ਇਹ IEP ਟੀਮ ਵਲੋਂ ਢੁਕਵੀਂ ਸਮਝੀ ਜਾਂਦੀ ਹੈ।

ਜਦੋਂ ਢੁਕਵਾਂ ਸਮਝਿਆ ਜਾਵੇ, ਵਿਦਿਆਰਥੀ ਨੂੰ 16 ਸਾਲ ਦੀ ਉਮਰ ’ਤੇ IEP ਮੀਟਿੰਗਾਂ ਵਿਚ ਸੱਦਿਆ ਜਾਣਾ ਜ਼ਰੂਰੀ ਹੈ। ਵਿਦਿਆਰਥੀ ਨੂੰ ਕਿਸੇ ਵੀ ਉਸ IEP ਮੀਟਿੰਗ ਵਿਚ ਸੱਦਿਆ ਜਾਣਾ ਜ਼ਰੂਰੀ ਹੈ ਜਿਸ ਵਿਚ ਸਕੂਲ ਤੋਂ ਬਾਅਦ ਦੀ ਤਬਦੀਲੀ ਬਾਰੇ ਗੱਲਬਾਤ ਕੀਤੀ ਜਾਣੀ ਹੋਵੇ। ਸਕੂਲ ਤੋਂ ਬਾਅਦ ਦੀਆਂ ਸਰਗਰਮੀਆਂ ਵੱਲ ਵਿਦਿਆਰਥੀ ਦੀ ਤਬਦੀਲੀ ਲਈ ਪਲੈਨਿੰਗ, ਵਿਦਿਆਰਥੀ ’ਤੇ ਕੇਂਦਰਿਤ ਅਮਲ ਹੈ ਜੋ ਕਿ ਅਗਾਊਂ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਸਾਲ ਵਿਚਾਰਿਆ ਜਾਣਾ ਚਾਹੀਦਾ ਹੈ। ਵਿਦਿਆਰਥੀ ’ਤੇ ਕੇਂਦਰਿਤ IEP ਇਕ ਅਜਿਹਾ ਕਾਰਜ ਹੈ ਜਿਸ ਵਿਚ IEP ਦੇ ਕਾਰਜ ਦੀ ਪਲੈਨਿੰਗ ਕਰਨ ਅਤੇ ਇਸ ਨੂੰ ਲਾਗੂ ਕਰਨ ਵਿਚ ਵਿਦਿਆਰਥੀ ਸਰਗਰਮ ਹਿੱਸਾ ਲੈਂਦਾ ਹੈ। ਅਪਾਹਜਤਾਵਾਂ ਵਾਲੇ ਵਿਅਕਤੀਆਂ ਲਈ ਪੜ੍ਹਾਈ ਦਾ ਐਕਟ, 1997, (IDEA ‘97) ਤਬਦੀਲੀ ਦੀ ਪਲੈਨਿੰਗ ਬਣਾਉਣ ਵੇਲੇ ਵਿਦਿਆਰਥੀ ਦੀ ਹਿੱਸੇਦਾਰੀ ਦੀ ਮੰਗ ਕਰਦਾ ਹੈ। ਕਿਸੇ ਵਿਦਿਆਰਥੀ ਦੀ ਤਬਦੀਲੀ ਦੀ ਪਲੈਨ ਉਸ ਦੀਆਂ ਲੋੜਾਂ ’ਤੇ ਆਧਾਰਿਤ ਹੁੰਦੀ ਹੈ ਜੋ ਕਿ ਪੋਸਟ-ਸੈਕੰਡਰੀ ਟੀਚੇ ਵਿਕਸਤ ਕਰਨ ਲਈ ਵਿਦਿਆਰਥੀ ਦੀਆਂ ਤਰਜੀਹਾਂ ਅਤੇ ਦਿਲਚਸਪੀਆਂ ਨੂੰ ਧਿਆਨ ਵਿਚ ਰੱਖਦੀ ਹੈ। ਵਿਦਿਆਰਥੀ ਦੇ ਆਪਣੇ 18ਵੇਂ ਜਨਮ ਦਿਨ ’ਤੇ ਪਹੁੰਚਣ ਤੋਂ ਘੱਟੋ ਘੱਟ ਇਕ ਸਾਲ ਪਹਿਲਾਂ, IEP ਟੀਮ ਵਿਦਿਆਰਥੀ ਨੂੰ ਹੱਕਾਂ ਦੀ ਇਸ ਤਬਦੀਲੀ ਬਾਰੇ ਦੱਸਦੀ ਹੈ। ਜੇ ਵਿਦਿਆਰਥੀ ਨੂੰ ਕਾਨੂੰਨੀ ਤੌਰ ’ਤੇ ਕਨਜ਼ਰਵ ਨਹੀਂ ਕੀਤਾ ਗਿਆ ਤਾਂ ਸਾਰੇ ਹੱਕ (ਪੜ੍ਹਾਈ ਦੇ ਹੱਕਾਂ ਸਮੇਤ) 18 ਸਾਲ ਦੇ ਬਾਲਗ ਵਿਦਿਆਰਥੀ ਨੂੰ ਤਬਦੀਲ ਹੋ ਜਾਂਦੇ ਹਨ।

ਜੇ ਵਿਦਿਆਰਥੀ ਨੂੰ ਜ਼ਿਲੇ ਵਲੋਂ ਪ੍ਰਵਾਨਿਤ ਆਮ ਹਾਈ ਸਕੂਲ ਡਿਪਲੋਮਾ ਦੇ ਦਿੱਤਾ ਜਾਂਦਾ ਹੈ ਤਾਂ ਵਿਦਿਆਰਥੀ ਹੁਣ ਪੜ੍ਹਾਈ ਦੀਆਂ ਖਾਸ ਸੇਵਾਵਾਂ ਲਈ ਯੋਗ ਨਹੀਂ ਹੈ, ਜਿਸ ਵਿਚ ਤਬਦੀਲੀ ਦੀਆਂ ਸੇਵਾਵਾਂ ਵੀ ਸ਼ਾਮਲ ਹਨ।

## ਬਾਲਗਾਂ ਲਈ ਪ੍ਰੋਗਰਾਮ: ਕੰਮ ਦੀਆਂ ਸੇਵਾਵਾਂ

**Employment First (ਰੁਜ਼ਗਾਰ ਪਹਿਲਾਂ) -** ACRC ਤਨਖਾਹ ਵਾਲੇ ਕੰਮ ਦਾ ਟੀਚਾ ਪੂਰਾ ਕਰਨ ਲਈ ਬਾਲਗ ਕਲਾਇੰਟਾਂ ਦੀ ਮਦਦ ਕਰਦਾ ਹੈ। ਰੁਜ਼ਗਾਰ ਦੀਆਂ ਸੇਵਾਵਾਂ ਕੰਮਾਂ ਦੇ ਢਾਂਚਾਗਤ ਪ੍ਰੋਗਰਾਮਾਂ, ਮੁਕਾਬਲਾਕਾਰੀ ਰੁਜ਼ਗਾਰ ਤੋਂ ਲੈ ਕੇ ਸਹਾਇਤਾ ਪ੍ਰਾਪਤ ਰੁਜ਼ਗਾਰ ਦੇ ਗਰੁੱਪ ਅਤੇ ਰੀਹੈਬਲੀਟੇਸ਼ਨ ਵਿਭਾਗ (Department of Rehabilitation, DOR) ਦੇ ਸਹਿਯੋਗ ਨਾਲ ਨਿੱਜੀ ਸੇਵਾਵਾਂ ਪ੍ਰਦਾਨ ਕਰਨ ਤੱਕ ਤੱਕ ਵੱਖ ਵੱਖ ਹੋ ਸਕਦੀਆਂ ਹਨ।

**ਰੀਹੈਬਲੀਟੇਸ਼ਨ ਵਿਭਾਗ (DOR) -** ਇਹ ਏਜੰਸੀ ਕੈਲੇਫੋਰਨੀਆ ਦੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਰੁਜ਼ਗਾਰ ਲੱਭਣ ਅਤੇ ਕਾਇਮ ਰੱਖਣ ਵਿਚ ਮਦਦ ਕਰਦੀ ਹੈ ਅਤੇ ਆਪਣੇ ਇਲਾਕਿਆਂ ਵਿਚ ਆਜ਼ਾਦ ਰਹਿਣ ਦੀ ਉਨ੍ਹਾਂ ਦੀ ਸਮਰੱਥਾ ਨੂੰ ਵੱਧ ਤੋਂ ਵੱਧ ਕਰਦੀ ਹੈ। DOR ਸੇਵਾਵਾਂ ਵਾਸਤੇ ਯੋਗ ਹੋਣ ਲਈ, ਅਰਜ਼ੀਕਰਤਾ ਦੀ ਅਜਿਹੀ ਮਾਨਸਿਕ ਜਾਂ ਸਰੀਰਕ ਅਪਾਹਜਤਾ ਹੋਣੀ ਜ਼ਰੂਰੀ ਹੈ ਜਿਹੜੀ ਜੌਬ ਲੈਣ ਜਾਂ ਰੱਖਣ ਨੂੰ ਕਾਫੀ ਔਖਾ ਬਣਾਉਂਦੀ ਹੈ। ACRC ਅਜਿਹੇ ਕਲਾਇੰਟ ਭੇਜੇਗਾ ਜਿਨ੍ਹਾਂ ਦਾ ਟੀਚਾ ਕੰਮ ਲੱਭਣਾ ਹੈ ਅਤੇ ਜਿਹੜੇ ਸਹਾਇਤਾ ਪ੍ਰਾਪਤ ਰੁਜ਼ਗਾਰ ਅਤੇ ਜੌਬਾਂ ’ਤੇ ਰੱਖਣ ਦੀਆਂ ਸੇਵਾਵਾਂ ਲਈ ਕਮਿਉਨਟੀ ਵਿਚ DOR ਕੋਲ ਮੁਕਾਬਲਾਕਾਰੀ ਰੁਜ਼ਗਾਰ ਲਈ ਪੱਕੀ ਤਰ੍ਹਾਂ ਤਿਆਰ ਹਨ। ਸਹਾਇਤਾ ਪ੍ਰਾਪਤ ਰੁਜ਼ਗਾਰ ਦੀਆਂ ਸੇਵਾਵਾਂ ਨਿੱਜੀ ਜਾਂ ਗਰੁੱਪ ਦੇ ਮਾਹੌਲ ਵਿਚ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

**ਸਹਾਇਤਾ ਪ੍ਰਾਪਤ ਰੁਜ਼ਗਾਰ (ਨਿੱਜੀ ਨਿਯੁਕਤੀ) -** ਕਲਾਇੰਟ ਨੂੰ ਇਲਾਕੇ ਦੇ ਕਿਸੇ ਬਿਜ਼ਨਸ ਵਿਚ ਕੰਮ ’ਤੇ ਰੱਖਿਆ ਜਾਂਦਾ ਹੈ ਜਿਹੜਾ ਉਸ ਦੀਆਂ ਸਮਰਥਾਵਾਂ ਅਤੇ ਤਰਜੀਹਾਂ ਮੁਤਾਬਕ ਸਭ ਤੋਂ ਜ਼ਿਆਦਾ ਢੁਕਵਾਂ ਹੁੰਦਾ ਹੈ। ਕੰਮ ਦੇ ਹੁਨਰਾਂ ਅਤੇ ਕੰਮ ਨਾਲ ਸੰਬੰਧਿਤ ਵਤੀਰਿਆਂ ਬਾਰੇ ਟਰੇਨਿੰਗ, ਜਿਸ ਵਿਚ ਸਮਾਜਿਕ ਹੁਨਰ ਵੀ ਸ਼ਾਮਲ ਹੋਣ, ਕੰਮ ਦੇ ਸਥਾਨ ’ਤੇ ਇਕ ਜੌਬ ਕੋਚ ਵਲੋਂ ਦਿੱਤੀ ਜਾਂਦੀ ਹੈ ਜੋ ਕਿ ਕੰਮ ’ਤੇ ਰਖਾਉਣ ਵਾਲੀ ਏਜੰਸੀ (DOR ਜਾਂ ACRC) ਵਲੋਂ ਠੇਕੇ ’ਤੇ ਰੱਖਿਆ ਗਿਆ ਹੁੰਦਾ ਹੈ। ਜਿਵੇਂ ਜਿਵੇਂ ਕਲਾਇੰਟ ਹੁਨਰ ਅਤੇ ਭਰੋਸਾ ਗ੍ਰਹਿਣ ਕਰਦਾ ਹੈ, ਜੌਬ ਕੋਚ ਹੌਲੀ ਹੌਲੀ ਕੰਮ ਦੀ ਥਾਂ ’ਤੇ ਆਪਣਾ ਸਮਾਂ ਘਟਾਈ ਜਾਂਦਾ ਹੈ। ਮਦਦ ਕਦੇ ਵੀ ਪੂਰੀ ਤਰ੍ਹਾਂ ਬੰਦ ਨਹੀਂ ਕੀਤੀ ਜਾਂਦੀ। ਕਲਾਇੰਟਾਂ ਨੂੰ ਨਵੀਂਆਂ ਅਸਾਇਨਮੈਂਟਾਂ ਲਈ ਦੁਬਾਰਾ ਟਰੇਨਿੰਗ ਦੇਣ ਲਈ, ਚੁਣੌਤੀਆਂ ਵਾਲੇ ਵਤੀਰਿਆਂ ਨਾਲ ਸਿੱਝਣ ਵਿਚ ਮਦਦ ਕਰਨ ਲਈ, ਸਮੇਂ ਸਮੇਂ ’ਤੇ ਸਾਥੀ-ਵਰਕਰਾਂ ਅਤੇ ਇਮਪਲੌਏਅਰ ਨਾਲ ਸਲਾਹ-ਮਸ਼ਵਰਾ ਕਰਨ ਲਈ, ਅਤੇ ਸਾਥੀ-ਵਰਕਰਾਂ ਨੂੰ ਜਾਣਕਾਰੀ ਅਤੇ ਟਰੇਨਿੰਗ ਦੇਣ ਲਈ, ਕੰਮ ’ਤੇ ਰਖਾਉਣ ਵਾਲੀ ਏਜੰਸੀ ਸਦਾ ਇਮਪਲੌਏਅਰ ਲਈ ਮੌਜੂਦ ਰਹਿੰਦੀ ਹੈ।

**ਸਹਾਇਤਾ ਪ੍ਰਾਪਤ ਰੁਜ਼ਗਾਰ (ਗਰੁੱਪ ਵਿਚ ਨਿਯੁਕਤੀ) -** ਇਕ ਛੋਟਾ ਗਰੁੱਪ, ਆਮ ਤੌਰ ’ਤੇ 3-7 ਕਲਾਇੰਟਾਂ ਦਾ, ਇਲਾਕੇ ਦੇ ਕਿਸੇ ਬਿਜ਼ਨਸ ਜਾਂ ਇੰਡਸਟਰੀ ਦੀ ਕਿਸੇ ਇਕ ਥਾਂ ’ਤੇ ਰਲ ਕੇ ਕੰਮ ਕਰਦਾ ਹੈ। ਗਰੁੱਪ ਦੀ ਟਰੇਨਿੰਗ ਅਤੇ ਨਿਗਰਾਨੀ ਇਕ ਜੌਬ ਕੋਚ ਵਲੋਂ ਕੀਤੀ ਜਾਂਦੀ ਹੈ ਜੋ ਕੰਮ ’ਤੇ ਰਖਾਉਣ ਵਾਲੀ ਏਜੰਸੀ ਲਈ ਕੰਮ ਕਰਦਾ ਹੈ ਜਿਸ ਨੂੰ ਜਾਂ ਤਾਂ DOR ਵਲੋਂ ਠੇਕਾ ਮਿਲਿਆ ਹੁੰਦਾ ਹੈ ਜਾਂ ਉਹ ACRC ਲਈ ਕੰਮ ਕਰਦੀ ਹੈ। ਮੁਢਲੀ ਟਰੇਨਿੰਗ, ਨਿਗਰਾਨੀ ਅਤੇ ਮਦਦ, ਇਕ ਖਾਸ ਤੌਰ ’ਤੇ ਟਰੇਂਡ ਸੁਪਰਵਾਈਜ਼ਰ ਵਲੋਂ ਦਿੱਤੀ ਜਾਂਦੀ ਹੈ, ਜੋ ਕਿ ਇਮਪਲੌਏਅਰ ਨਾਲ ਜਾਂ ਕੰਮ ’ਤੇ ਰਖਾਉਣ ਵਾਲੀ ਏਜੰਸੀ ਲਈ ਕੰਮ ਕਰਦਾ ਹੋ ਸਕਦਾ ਹੈ। ਗਰੁੱਪ ਪਹੁੰਚ ਦੇ ਇਕ ਹੋਰ ਰੂਪ ਨੂੰ “ਖਿੰਡਰਿਆ ਗਰੁੱਪ” ਮਾਡਲ ਆਖਿਆ ਜਾਂਦਾ ਹੈ। ਇਹ ਮਾਡਲ ਸਰਵਿਸ ਇੰਡਸਟਰੀਆਂ ਵਿਚ ਵਰਤਿਆ ਜਾਂਦਾ ਹੈ (ਜਿਵੇਂ ਕਿ ਯੂਨੀਵਰਸਿਟੀਆਂ, ਰੈਸਟੋਰੈਂਟਾਂ, ਅਤੇ ਹੋਟਲਾਂ ਵਿਚ)। ਖਿੰਡਰੇ ਗਰੁੱਪ ਦੇ ਮਾਡਲ ਵਿਚ, ਗਰੁੱਪ ਵਿਚਲਾ ਹਰ ਵਿਅਕਤੀ ਵੱਖਰੀ ਜੌਬ ’ਤੇ ਕੰਮ ਕਰਦਾ ਹੈ ਅਤੇ ਗਰੁੱਪ ਦੇ ਮੈਂਬਰ ਇਮਪਲੌਏਅਰ ਦੇ

**ਵੋਕੇਸ਼ਨਲ ਰੀਹੈਬਲੀਟੇਸ਼ਨ ਵਰਕ ਐਕਟੀਵਿਟੀ ਪ੍ਰੋਗਰਾਮ (Vocational Rehabilitation Work Activity Program, VR/WAP) -** ਇਸ ਕਿਸਮ ਦਾ ਪ੍ਰੋਗਰਾਮ, ਅਨੁਕੂਲ ਮਾਹੌਲ ਵਿਚ, ਆਮ ਤੌਰ ’ਤੇ ਸਹਾਇਤਾ ਪ੍ਰਾਪਤ ਰੁਜ਼ਗਾਰ ਵਿਚ ਰੁਜ਼ਗਾਰ ਹਾਸਲ ਕਰਨ ਵੱਲ ਇਕ ਆਰਜ਼ੀ ਅਤੇ ਤਬਦੀਲੀ ਵਾਲੇ ਕਦਮ ਵਜੋਂ ਯੋਗ ਵਿਅਕਤੀਆਂ ਲਈ ਰੁਜ਼ਗਾਰ ਦੀਆਂ ਵਾਧੂ ਸੇਵਾਵਾਂ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਵਿਚ ਤਨਖਾਹ ਵਾਲਾ ਕੰਮ, ਕੰਮ ਦੀ ਅਡਜਸਟਮੈਂਟ ਅਤੇ ਸੁਰੱਖਿਅਤ ਵਰਕਸ਼ਾਪ ਦੇ ਮਾਹੌਲ ਵਿਚ ਵਿਕਾਸ ਨਾਲ ਸੰਬੰਧਿਤ ਸੇਵਾਵਾਂ ਸ਼ਾਮਲ ਹਨ। ਕੰਮ ਦੀ ਅਡਜਸਟਮੈਂਟ ਦੀਆਂ ਸੇਵਾਵਾਂ ਵਿਚ, ਕੰਮ ’ਤੇ ਸੇਫਟੀ ਦੇ ਚੰਗੇ ਅਮਲ, ਪੈਸਿਆਂ ਨੂੰ ਸਾਂਭਣ ਦੇ ਹੁਨਰ, ਅਤੇ ਕੰਮ ਦੀਆਂ ਢੁਕਵੀਂਆਂ ਆਦਤਾਂ ਵਿਕਸਤ ਕਰਨ ਵਿਚ ਕਲਾਇੰਟਾਂ ਦੀ ਮਦਦ ਕਰਨਾ ਸ਼ਾਮਲ ਹੋ ਸਕਦੇ ਹਨ। ਕੰਮ ਦੀਆਂ ਸੇਵਾਵਾਂ ਤੋਂ ਇਲਾਵਾ, VR/WAP ਲਈ ਯੋਗ ਵਿਅਕਤੀਆਂ ਨੂੰ DOR ਦੀਆਂ ਪੂਰੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਨਿੱਜੀ, ਕਿੱਤੇ ਨਾਲ ਸੰਬੰਧਿਤ ਅਤੇ ਸਮਾਜਿਕ ਅਡਜਸਟਮੈਂਟ ਦੀਆਂ ਸੇਵਾਵਾਂ ਜਿਹੜੀਆਂ ਮੁਕਾਬਲਾਕਾਰੀ, ਅਨੁਕੂਲ ਰੁਜ਼ਗਾਰ ਦੇ ਰਾਹ ਵਿਚ ਆਉਂਦੀਆਂ ਰੁਕਾਵਟਾਂ ਨੂੰ ਹਟਾਉਣ ਜਾਂ ਖਤਮ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਕਲਾਇੰਟ ਸਰਕਾਰੀ ਜਾਂ ਪ੍ਰਾਈਵੇਟ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਏਜੰਸੀ ਜਾਂ ਸੰਸਥਾ ਵਿਚ ਕੰਮ ਕਰ ਸਕਦੇ ਹਨ ਜੋ ਕਿ ਫੇਅਰ ਲੇਬਰ ਸਟੈਂਡਰਡਜ਼ ਐਕਟ (Fair Labor Standards Act, FLSA) ਮੁਤਾਬਕ ਮੁਆਵਜ਼ਾ ਪ੍ਰਦਾਨ ਕਰਦੀ ਹੈ।

**ਵਰਕ ਐਕਟੀਵਿਟੀ ਪ੍ਰੋਗਰਾਮ (Work Activity Program, WAP) -** ਇਸ ਪ੍ਰੋਗਰਾਮ ਵਿਚ ਵਰਕ ਐਕਟੀਵਿਟੀ ਸੈਂਟਰ ਜਾਂ ਅਜਿਹੇ ਮਾਹੌਲ ਸ਼ਾਮਲ ਹਨ ਜਿਹੜੇ ਤਨਖਾਹ ਵਾਲੇ ਕੰਮ ਵਿਚ ਸ਼ਾਮਲ ਕਲਾਇੰਟਾਂ ਨੂੰ ਮਦਦ ਦਿੰਦੇ ਹਨ ਜਦੋਂ ਇਹ ਦਿਖਾਇਆ ਗਿਆ ਹੋਵੇ ਕਿ ਪ੍ਰੋਗਰਾਮ ਡਿਪਾਰਟਮੈਂਟ ਔਫ ਰੀਹੈਬਲੀਟੇਸ਼ਨ ਸਰਟੀਫਿਕੇਸ਼ਨ ਸਟੈਂਡਰਡਜ਼ ਦੀ ਪਾਲਣਾ ਕਰਦਾ ਹੈ ਜਾਂ CARF ਵਲੋਂ ਪ੍ਰਵਾਨਿਤ ਹੈ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹੈ।

**ਪੇਡ ਇਨਟਰਨਸ਼ਿਪ ਪ੍ਰੋਗਰਾਮ (Paid Internship Program, PIP) –** ACRC ਕਿਸੇ ਕਲਾਇੰਟ ਦੀਆਂ 10,400 ਡਾਲਰ ਤੱਕ ਪ੍ਰਤੀ ਸਾਲ ਤਨਖਾਹਾਂ ਦੇਵੇਗਾ ਤਾਂ ਜੋ ਉਹ ਆਪਣੀ ਮਰਜ਼ੀ ਦਾ ਅਜਿਹਾ ਕੰਮ ਲੱਭ ਸਕੇ ਜਾਂ ਆਪਣਾ ਸਵੈ-ਰੁਜ਼ਗਾਰ ਸ਼ੁਰੂ ਕਰ ਸਕੇ ਅਤੇ ਸਿਖਲਾਈ ਲੈ ਸਕੇ ਜਿਹੜਾ ਭਵਿੱਖ ਵਿਚ ਮੁਕਾਬਲਾਕਾਰੀ ਰੁਜ਼ਗਾਰ ਦਾ ਕਾਰਨ ਬਣ ਸਕੇ। ਕੋਈ ਕਲਾਇੰਟ ਕਈ ਸਿਖਲਾਈਆਂ ਦਾ ਪਤਾ ਲਾ ਸਕਦਾ ਹੈ ਜੇ ਉਨ੍ਹਾਂ ਸਿਖਲਾਈਆਂ ਤੋਂ ਕੁੱਲ ਤਨਖਾਹਾਂ ਦੀ ਰਕਮ ਸਲਾਨਾ 10,400 ਡਾਲਰ ਤੋਂ ਨਹੀਂ ਵਧਦੀ।

**ਮੁਕਾਬਲਾਕਾਰੀ ਅਨੁਕੂਲ ਰੁਜ਼ਗਾਰ (Competitive Integrated Employment, CIE) ਲਈ ਉਤਸ਼ਾਹ –** ਜਿਨ੍ਹਾਂ ਸਰਵਿਸ ਦੇਣ ਵਾਲਿਆਂ ਨੇ ਕਲਾਇੰਟਾਂ ਨੂੰ ਫੁੱਲ- ਜਾਂ ਪਾਰਟ-ਟਾਈਮ ਮੁਕਾਬਲਾਕਾਰੀ ਕੰਮ ਵਿਚ ਕਾਮਯਾਬੀ ਨਾਲ ਰਖਾਇਆ ਹੈ, ਉਨ੍ਹਾਂ ਨੂੰ ਅੱਗੇ ਲਿਖੇ ਮੁਤਾਬਕ ਉਤਸ਼ਾਹ ਦਿੱਤਾ ਜਾਵੇਗਾ:

1. ਜੇ ਕਲਾਇੰਟ 30 ਦਿਨਾਂ ਤੋਂ ਬਾਅਦ ਕੰਮ ’ਤੇ ਰਹਿੰਦਾ ਹੈ ਤਾਂ ਸਰਵਿਸ ਦੇਣ ਵਾਲੇ ਨੂੰ 1,000 ਡਾਲਰ ਦਿੱਤਾ ਜਾਵੇਗਾ।
2. ਉਸੇ ਮਾਹੌਲ ਵਿਚ ਜੇ ਕਲਾਇੰਟ 6 ਮਹੀਨਿਆਂ ਤੋਂ ਬਾਅਦ ਕੰਮ ’ਤੇ ਰਹਿੰਦਾ ਹੈ ਤਾਂ ਸਰਵਿਸ ਦੇਣ ਵਾਲੇ ਨੂੰ ਹੋਰ 1,250 ਡਾਲਰ ਦਿੱਤੇ ਜਾਣਗੇ।
3. ਜੇ ਕਲਾਇੰਟ ਸੀ ਆਈ ਈ ਵਿਚ ਲਗਾਤਾਰ 12 ਮਹੀਨਿਆਂ ਲਈ ਰਹਿੰਦਾ ਹੈ ਤਾਂ 1,500 ਡਾਲਰ ਹੋਰ ਦਿੱਤੇ ਜਾਣਗੇ।

## ACRC ਦੇ ਫੰਡਾਂ ਨਾਲ ਚੱਲਣ ਵਾਲੀਆਂ ਬਾਲਗਾਂ ਲਈ ਦਿਨ ਦੀਆਂ ਸੇਵਾਵਾਂ

ਜਿਹੜੇ ਕਲਾਇੰਟ ਘੱਟੋ ਘੱਟ 18 ਸਾਲ ਦੀ ਉਮਰ ਦੇ ਹਨ ਅਤੇ ਉਨ੍ਹਾਂ ਨੇ ਹਾਈ ਸਕੂਲ ਡਿਪਲੋਮਾ ਹਾਸਲ ਕਰ ਲਿਆ ਹੈ ਜਾਂ 22 ਸਾਲ ਅਤੇ ਜ਼ਿਆਦਾ ਉਮਰ ਦੇ ਹਨ, ਉਹ ACRC ਦੇ ਫੰਡਾਂ ਨਾਲ ਚੱਲਣ ਵਾਲੀਆਂ ਦਿਨ ਦੀਆਂ ਸੇਵਾਵਾਂ ਲੈਣ ਦੇ ਯੋਗ ਹੋ ਸਕਦੇ ਹਨ ਜਿਵੇਂ ਕਿ ਅਡੱਲਟ ਡੇਅ ਪ੍ਰੋਗਰਾਮ ਜਾਂ ਵੋਕੇਸ਼ਨਲ ਪ੍ਰੋਗਰਾਮ। ਦਿਨ ਦੇ ਪ੍ਰੋਗਰਾਮਾਂ ਦੀਆਂ ਆਮ ਚੋਣਾਂ ਵਿਚ, ਅਡੱਲਟ ਡਿਵੈਲਪਮੈਂਟ ਸੈਂਟਰ, ਬੀਹੇਵੀਅਰ ਮੈਨੇਜਮੈਂਟ ਪ੍ਰੋਗਰਾਮ ਅਤੇ ਐਕਟੀਵਿਟੀ ਸੈਂਟਰ ਸ਼ਾਮਲ ਹਨ। ਦਿਨ ਦੇ ਪ੍ਰੋਗਰਾਮ ਕਲਾਇੰਟਾਂ ਲਈ ਅੱਗੇ ਲਿਖੇ ਖੇਤਰਾਂ ਵਿੱਚੋਂ ਘੱਟੋ ਘੱਟ ਇਕ ਲਈ ਟਰੇਨਿੰਗ ਪ੍ਰਦਾਨ ਕਰਦੇ ਹਨ: ਸਵੈ-ਹਿਮਾਇਤ, ਸਵੈ-ਸੰਭਾਲ, ਕਮਿਊਨਟੀ ਨਾਲ ਮੇਲਜੋਲ, ਜਾਂ ਰੁਜ਼ਗਾਰ ਦੀ ਟਰੇਨਿੰਗ। ਦਿਨ ਦੇ ਕੁਝ ਪ੍ਰੋਗਰਾਮਾਂ ਦਾ ਖਾਸ ਧਿਆਨ ਹੁੰਦਾ ਹੈ, ਜਿਵੇਂ ਕਿ ਵਾਲੰਟੀਅਰ ਦਾ ਕੰਮ, ਆਰਟ ਜਾਂ ਅੱਖਰ-ਗਿਆਨ। ਦਿਨ ਦੇ ਪ੍ਰੋਗਰਾਮ ਸੋਮਵਾਰ ਤੋਂ ਸ਼ੁਕਰਵਾਰ ਤੱਕ ਉਪਲਬਧ ਹਨ ਅਤੇ ਆਮ ਤੌਰ 'ਤੇ ਦਿਨ ਦੇ ਛੇ ਘੰਟਿਆਂ ਲਈ ਹੁੰਦੇ ਹਨ। ਸਟਾਫ ਅਤੇ ਕਲਾਇੰਟ ਦਾ ਅਨੁਪਾਤ ਵੱਖ ਵੱਖ ਹੁੰਦਾ ਹੈ, ਜੋ ਕਿ ਪ੍ਰੋਗਰਾਮ ਦੇ ਢਾਂਚੇ ਉੱਪਰ ਅਤੇ ਸੇਵਾਵਾਂ ਲੈ ਰਹੇ ਕਲਾਇੰਟਾਂ ਦੀਆਂ ਲੋੜਾਂ 'ਤੇ ਨਿਰਭਰ ਕਰਦਾ ਹੈ। ਕਲਾਇੰਟ ਦਾ ਸਰਵਿਸ ਕੋਆਰਡੀਨੇਟਰ ਦਿਨ ਦੇ ਅਜਿਹੇ ਪ੍ਰੋਗਰਾਮ ਦੀ ਪਛਾਣ ਕਰਨ ਵਿਚ ਮਦਦ ਕਰੇਗਾ ਜਿਹੜਾ ਆਪਣੇ ਨਿੱਜੀ ਟੀਚੇ ਪੂਰੇ ਕਰਨ ਵਿਚ ਕਲਾਇੰਟ ਦੀ ਸਭ ਤੋਂ ਬਿਹਤਰ ਮਦਦ ਕਰ ਸਕਦਾ ਹੋਵੇ, ਅਤੇ ਲੋੜ ਮੁਤਾਬਕ ਨਿੱਜੀ ਮਦਦ ਕਰ ਸਕਦਾ ਹੋਵੇ।

### ਦਿਨ ਦੇ ਪ੍ਰੋਗਰਾਮਾਂ ਦੀਆਂ ਕਿਸਮਾਂ

**ਐਕਟੀਵਿਟੀ ਸੈਂਟਰ** – ਦਿਨ ਦਾ ਇਕ ਪ੍ਰੋਗਰਾਮ ਜਿਹੜਾ ਆਮ ਤੌਰ 'ਤੇ ਉਨ੍ਹਾਂ ਬਾਲਗਾਂ ਨੂੰ ਸੇਵਾਵਾਂ ਦਿੰਦਾ ਹੈ ਜਿਨ੍ਹਾਂ ਨੇ ਸਵੈ-ਸੰਭਾਲ ਦੇ ਬਹੁਤੇ ਹੁਨਰ ਗ੍ਰਹਿਣ ਕਰ ਲਏ ਹੋਣ, ਜਿਨ੍ਹਾਂ ਕੋਲ ਹੋਰਨਾਂ ਨਾਲ ਸਹਿਯੋਗ ਕਰਨ ਦੀ ਕੁਝ ਸਮਰੱਥਾ ਹੋਵੇ, ਜਿਹੜੇ ਆਪਣੀਆਂ ਲੋੜਾਂ ਦੱਸਣ ਦੇ ਯੋਗ ਹੋਣ ਅਤੇ ਹਿਦਾਇਤਾਂ ਨੂੰ ਸਮਝਣ ਦੇ ਯੋਗ ਹੋਣ। ਐਕਟੀਵਿਟੀ ਸੈਂਟਰ ਦੇ ਪ੍ਰੋਗਰਾਮ ਅਮਲੀ ਹੁਨਰਾਂ ਦੇ ਵਿਕਾਸ ਅਤੇ ਸੰਭਾਲ ਵੱਲ ਧਿਆਨ ਦਿੰਦੇ ਹਨ ਜਿਹੜੇ ਸਵੈ-ਹਿਮਾਇਤ, ਕਮਿਊਨਟੀ ਵਿਚ ਮੇਲਜੋਲ ਅਤੇ ਰੁਜ਼ਗਾਰ ਲਈ ਲੋੜੀਂਦੇ ਹਨ ਅਤੇ ਇਨ੍ਹਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:6, 1:7, ਜਾਂ 1:8। ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ।

**ਅਡੱਲਟ ਡਿਵੈਲਪਮੈਂਟ ਸੈਂਟਰ** - ਕਮਿਊਨਟੀ ਆਧਾਰਿਤ ਦਿਨ ਦਾ ਇਕ ਪ੍ਰੋਗਰਾਮ ਜਿਹੜਾ ਸਵੈ-ਮਦਦ ਦੇ ਹੁਨਰ ਗ੍ਰਹਿਣ ਕਰ ਰਹੇ ਬਾਲਗਾਂ ਨੂੰ ਸਰਵਿਸ ਦਿੰਦਾ ਹੈ। ਅਡੱਲਟ ਡਿਵੈਲਪਮੈਂਟ ਸੈਂਟਰ ਜਾ ਰਹੇ ਵਿਅਕਤੀਆਂ ਨੂੰ ਹੋਰ ਲੋਕਾਂ ਨਾਲ ਤਾਲਮੇਲ ਕਰਨ ਦੀ ਸਮਰੱਥਾ ਵਿਕਸਤ ਕਰਨ ਲਈ, ਆਪਣੀਆਂ ਲੋੜਾਂ ਦੱਸਣ ਲਈ, ਅਤੇ ਹਿਦਾਇਤਾਂ ਦਾ ਹੁੰਗਾਰਾ ਭਰਨ ਲਈ ਆਮ ਤੌਰ 'ਤੇ ਲਗਾਤਾਰ ਮਦਦ ਅਤੇ ਸੇਧ ਦੀ ਲੋੜ ਹੁੰਦੀ ਹੈ। ਅਡੱਲਟ ਡਿਵੈਲਪਮੈਂਟ ਸੈਂਟਰ ਦੇ ਪ੍ਰੋਗਰਾਮ ਅਮਲੀ ਹੁਨਰਾਂ ਦੇ ਵਿਕਾਸ ਅਤੇ ਸੰਭਾਲ ਵੱਲ ਧਿਆਨ ਦਿੰਦੇ ਹਨ ਜਿਹੜੇ ਸਵੈ-ਹਿਮਾਇਤ, ਕਮਿਊਨਟੀ ਵਿਚ ਮੇਲਜੋਲ, ਰੁਜ਼ਗਾਰ ਅਤੇ ਸਵੈ-ਸੰਭਾਲ ਲਈ ਚਾਹੀਦੇ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:3, ਜਾਂ 1:4 ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ।

**ਬੀਹੇਵੀਅਰ ਮੈਨੇਜਮੈਂਟ ਪ੍ਰੋਗਰਾਮ** - ਕਮਿਊਨਟੀ ਆਧਾਰਿਤ ਦਿਨ ਦਾ ਇਕ ਪ੍ਰੋਗਰਾਮ ਜਿਹੜਾ ਵਤੀਰਿਆਂ ਦੇ ਗੰਭੀਰ ਵਿਗਾੜਾਂ ਅਤੇ/ਜਾਂ ਡਿਊਲ ਡਾਇਗਨੋਸਿਸ ਵਾਲੇ ਬਾਲਗਾਂ ਨੂੰ ਸੇਵਾਵਾਂ ਦਿੰਦਾ ਹੈ ਜਿਹੜੇ ਆਪਣੇ ਵਤੀਰੇ ਦੀਆਂ ਸਮੱਸਿਆਵਾਂ ਕਰਕੇ ਕਮਿਊਨਟੀ ਆਧਾਰਿਤ ਦਿਨ ਦੇ ਕਿਸੇ ਹੋਰ ਪ੍ਰੋਗਰਾਮ ਲਈ ਯੋਗ ਨਹੀਂ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:3 ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ।

**ਕਮਿਊਨਟੀ ਐਕਟੀਵਿਟੀ ਸਪੋਰਟ ਸਰਵਿਸਿਜ਼ –** ਇਹ ਪ੍ਰੋਗਰਾਮ ਬਾਲਗਾਂ ਲਈ ਸੀਮਤ ਸਮੇਂ ਦੀਆਂ ਕਮਿਊਨਟੀ ਆਧਾਰਿਤ ਸੇਵਾਵਾਂ ਦਿੰਦੇ ਹਨ ਜਿਨ੍ਹਾਂ ਦਾ ਕੋਈ ਪ੍ਰੋਗਰਾਮ ਹੋ ਸਕਦਾ ਹੈ ਜਿਹੜਾ ਬਹੁਤ ਹੀ ਖਾਸ ਲੋੜਾਂ ਵਾਲੇ ਖਪਤਕਾਰਾਂ ਨੂੰ ਸਰਵਿਸ ਦੇਣ ’ਤੇ ਜ਼ੋਰ ਦਿੰਦਾ ਹੋਵੇ। CASS ਦੇ ਪ੍ਰੋਗਰਾਮ, ਬਾਲਗਾਂ ਲਈ ਦਿਨ ਦੇ ਪ੍ਰੋਗਰਾਮ ਦੀਆਂ ਸੇਵਾਵਾਂ ਦੇਣ ਲਈ ਬਣਾਏ ਗਏ ਵੀ ਹੋ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ (ਜਿਵੇਂ ਆਰਜ਼ੀ ਰਿਹਾਇਸ਼ਾਂ ਦੇ ਪ੍ਰੋਗਰਾਮ, ਰੈਪਅਰਾਊਂਡ ਸੇਵਾਵਾਂ, ਆਦਿ)। ਇਨ੍ਹਾਂ ਪ੍ਰੋਗਰਾਮ ਦਾ ਸਟਾਫ ਤੋਂ ਕਲਾਇੰਟ ਦਾ ਅਨੁਪਾਤ ਕਲਾਇੰਟ ਦੀਆਂ ਲੋੜਾਂ ਮੁਤਾਬਕ ਵੱਖ ਵੱਖ ਹੁੰਦਾ ਹੈ।

**ਕਮਿਊਨਟੀ ਇਨਟਿਗਰੇਸ਼ਨ ਟਰੇਨਿੰਗ ਪ੍ਰੋਗਰਾਮ –** ਆਮ ਤੌਰ ’ਤੇ ਇਕ ਘਟਣ ਵਧਣ ਵਾਲੇ ਅਨੁਪਾਤ ਵਾਲਾ, ਕਮਿਊਨਟੀ ਆਧਾਰਿਤ (ਲਾਇਸੰਸਸ਼ੁਦਾ ਸਥਾਨ ਨਹੀਂ) ਦਿਨ ਦਾ ਪ੍ਰੋਗਰਾਮ ਜਿਸ ਕੋਲ ਕੋਈ ਅਜਿਹਾ ਪ੍ਰੋਗਰਾਮ ਹੋ ਸਕਦਾ ਹੈ ਜਿਹੜਾ ਬਹੁਤ ਹੀ ਖਾਸ ਲੋੜਾਂ ਵਾਲੇ ਕਲਾਇੰਟਾਂ ਨੂੰ ਸਰਵਿਸ ਦੇਣ ’ਤੇ ਜ਼ੋਰ ਪਾਉਂਦਾ ਹੋਵੇ ਜਾਂ ਜਿਨ੍ਹਾਂ ਨੂੰ ਕਿਸੇ ਆਮ ਦਿਨ ਦੇ ਪ੍ਰੋਗਰਾਮ ਵਿਚ ਕਾਮਯਾਬੀ ਨਾਲ ਸਰਵਿਸ ਨਾ ਮਿਲੀ ਹੋਵੇ।

**ਲੋੜ ਅਨੁਸਾਰ ਦਿਨ ਦੀਆਂ ਸੇਵਾਵਾਂ -** ਇਹ ਪ੍ਰੋਗਰਾਮ ਅੱਗੇ ਲਿਖਿਆਂ ਵਿੱਚੋਂ ਘੱਟੋ ਘੱਟ ਇਕ ਖੇਤਰ ਵਿਚ 1:1 ਨਿੱਜੀ ਟਰੇਨਿੰਗ ਅਤੇ ਕਲਾਇੰਟਾਂ ਨੂੰ ਮਦਦ ਪ੍ਰਦਾਨ ਕਰਦੇ ਹਨ: ਰੁਜ਼ਗਾਰ, ਵਾਲੰਟੀਅਰ ਸਰਗਰਮੀਆਂ ਜਾਂ ਪੋਸਟ-ਸੈਕੰਡਰੀ ਪੜ੍ਹਾਈ। ਲੋੜ ਅਨੁਸਾਰ ਦਿਨ ਦੀਆਂ ਸੇਵਾਵਾਂ (ਟੇਲਰਡ ਡੇਅ ਸਰਵਿਸਿਜ਼) ਕਲਾਇੰਟਾਂ ਦੀ ਆਪਣੀਆਂ ਕਮਿਊਨਟੀਆਂ ਵਿਚ ਜ਼ਿਆਦਾ ਏਕੀਕਰਨ ਅਤੇ ਸ਼ਮੂਲੀਅਤ ਨੂੰ ਵਧਾਉਣ ਵਿਚ ਮਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ, ਅਤੇ ਅਜਿਹਾ ਕਲਾਇੰਟ ਦੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਮਿਆਦ ਅਤੇ ਸੇਵਾਵਾਂ ਦੀ ਤੀਬਰਤਾ ਵਿਚ ਲਚਕਸ਼ੀਲਤਾ ਨਾਲ ਕੀਤਾ ਜਾਂਦਾ ਹੈ। ਇਹ ਸਰਵਿਸ ਕਲਾਇੰਟ ਦੀਆਂ ਚੋਣਾਂ ਨੂੰ ਵੱਧ ਤੋਂ ਵੱਧ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਕਿਸਮ ਦੀ ਸਰਵਿਸ ਰੀਜਨਲ ਸੈਂਟਰ ਦੇ ਫੰਡਾਂ ਨਾਲ ਚੱਲਣ ਵਾਲੇ ਹੋਰ ਦਿਨ ਦੇ ਜਾਂ ਰੁਜ਼ਗਾਰ ਦੇ ਪ੍ਰੋਗਰਾਮਾਂ ਦੇ ਸੁਮੇਲ ਨਾਲ ਨਹੀਂ ਵਰਤੀ ਜਾ ਸਕਦੀ। ਮਹੀਨੇ ਦੇ ਘੰਟੇ ਸੀਮਤ ਹਨ।

**ਬਾਲਗਾਂ ਦੇ ਡੇਅ ਕੇਅਰ** ਸਥਾਨ - ਇਨ੍ਹਾਂ ਕੋਲ ਬਾਲਗਾਂ ਲਈ ਡੇਅ ਕੇਅਰ ਦਾ ਯੋਗ ਲਾਇਸੰਸ ਹੁੰਦਾ ਹੈ ਜੋ ਕਿ ਸਟੇਟ ਡਿਪਾਰਟਮੈਂਟ ਔਫ ਸੋਸ਼ਲ ਸਰਵਿਸਿਜ਼ (Department of Social Services, DSS) ਜਾਂ DSS ਵਲੋਂ ਅਧਿਕਾਰਤ ਕਿਸੇ ਏਜੰਸੀ ਵਲੋਂ ਲਾਇਸੰਸਾਂ ਦੀਆਂ ਖਾਸ ਜ਼ਿੰਮੇਵਾਰੀਆਂ ਚੁੱਕਣ ਲਈ ਦਿੱਤਾ ਗਿਆ ਹੁੰਦਾ ਹੈ ਅਤੇ ਇਹ 18 ਸਾਲ ਜਾਂ ਜ਼ਿਆਦਾ ਉਮਰ ਦੇ ਬਾਲਗਾਂ ਨੂੰ ਪ੍ਰਤੀ ਦਿਨ 24 ਘੰਟੇ ਨਾਲੋਂ ਘੱਟ ਸਮੇਂ ਦੇ ਆਧਾਰ ’ਤੇ ਗੈਰ-ਮੈਡੀਕਲ ਸੰਭਾਲ ਅਤੇ ਨਿਗਰਾਨੀ ਪ੍ਰਦਾਨ ਕਰਦੇ ਹਨ।

**ਅਡੱਲਟ ਡੇਅ ਹੈਲਥ ਸੈਂਟਰਜ਼ –** ਇਹ ਸੈਂਟਰ ਸਟੇਟ ਦੇ ਸਿਹਤ ਸੇਵਾਵਾਂ ਦੇ ਵਿਭਾਗ (Department of Health Services, DHS) ਨਾਲ ਇਕਰਾਰਨਾਮਾ ਕਰਦੇ ਹਨ ਅਤੇ ਅਜਿਹਾ ਟਾਈਟਲ 22, ਚੈਪਟਰ 5 ਵਿਚ ਦੱਸੀਆਂ ਗਈਆਂ ਸੇਵਾਵਾਂ Medi-Cal ਉਨ੍ਹਾਂ ਲਾਭਪਾਤਰਾਂ ਨੂੰ ਦੇਣ ਲਈ ਕਰਦੇ ਹਨ ਜਿਹੜੇ ਇਸ ਲਈ ਯੋਗ ਹੋਣ ਅਤੇ ਆਪਣੀ ਮਰਜ਼ੀ ਨਾਲ ਅਜਿਹੇ ਪ੍ਰੋਗਰਾਮ ਵਿਚ ਹਿੱਸਾ ਲੈਣ ਦੀ ਚੋਣ ਕਰਨ।

## ਆਉਣਾ ਜਾਣਾ

ਜਦੋਂ ਤੁਸੀਂ ਪਬਲਿਕ ਸਕੂਲ ਸਿਸਟਮ ਨੂੰ ਛੱਡਦੇ ਹੋ ਤਾਂ ਤੁਸੀਂ ਆਪਣੇ ਇਲਾਕੇ ਵਿਚ ਇਧਰ ਉਧਰ ਕਿਵੇਂ ਆਉ ਜਾਉਗੇ, ਇਹ ਪਬਲਿਕ ਟ੍ਰਾਂਸਪੋਰਟੇਸ਼ਨ ਲੈਣ, ਗੱਡੀ ਚਲਾਉਣ ਦੀ ਤੁਹਾਡੀ ਸਮਰੱਥਾ ਜਾਂ ਜਾਣ ਲਈ ਮਦਦ ਦੀ ਲੋੜ 'ਤੇ ਨਿਰਭਰ ਕਰੇਗਾ।

ਆਪਣੇ ਸਰਵਿਸ ਕੋਆਰਡੀਨੇਟਰ ਨਾਲ ਰਲ ਕੇ ਕੰਮ ਕਰਦੇ ਹੋਏ, ਤੁਸੀਂ ਅਤੇ ਤੁਹਾਡੀ ਟੀਮ ਟ੍ਰਾਂਸਪੋਰਟੇਸ਼ਨ ਦੀਆਂ ਵੱਖ ਵੱਖ ਕਿਸਮਾਂ ਬਾਰੇ ਵਿਚਾਰ ਕਰੋਗੇ ਅਤੇ ਇਹ ਫੈਸਲਾ ਕਰੋਗੇ ਕਿ ਤੁਹਾਡੇ ਲਈ ਉੱਥੇ ਜਾਣ ਦਾ ਸਭ ਤੋਂ ਬਿਹਤਰ ਤਰੀਕਾ ਕੀ ਹੈ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ। ਇਹ ਪਬਲਿਕ ਟ੍ਰਾਂਸਪੋਰਟੇਸ਼ਨ ਲੈਣਾ ਸਿੱਖਣਾ ਹੋ ਸਕਦਾ ਹੈ, ਆਪਣੀ ਰਾਈਡ ਦਾ ਪ੍ਰਬੰਧ ਕਰਨਾ ਹੋ ਸਕਦਾ ਹੈ ਜਾਂ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਹੋਣਾ ਅਤੇ ਆਪਣੇ ਘਰ ਤੋਂ ਚੁੱਕੇ ਜਾਣਾ ਅਤੇ ਫਿਰ ਦਿਨ ਦੇ ਅੰਤ 'ਤੇ ਘਰ ਵਾਪਸ ਆਉਣਾ ਹੋ ਸਕਦਾ ਹੈ।



# ਰਹਿਣ ਦੀਆਂ ਚੋਣਾਂ

## ਆਜ਼ਾਦ ਰਹਿਣੀ ਦੇ ਹੁਨਰ (INDEPENDENT LIVING SKILLS, ILS)

ILS ਸੇਵਾਵਾਂ ਉਨ੍ਹਾਂ ਕਲਾਇੰਟਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਹੜੇ ਆਪਣੇ ਘਰ ਵਿਚ ਜਾਂ ਆਪਣੇ ਪਰਿਵਾਰ ਦੇ ਘਰ ਵਿਚ ਰਹਿੰਦੇ ਹੋਏ, ਜਾਂ ਛੇ ਮਹੀਨਿਆਂ ਦੇ ਵਿਚ ਵਿਚ ਮੂਵ ਹੋ ਜਾਣ ਦੇ ਟੀਚੇ ਨਾਲ ਕਿਸੇ ਕੇਅਰ ਹੋਮ ਵਿਚ ਰਹਿੰਦੇ ਹੋਏ, ਆਪਣੇ ਕੁਦਰਤੀ ਮਾਹੌਲ ਵਿਚ ਆਪਣੀ ਆਜ਼ਾਦੀ ਨੂੰ ਵਧਾਉਣ ਵਿਚ ਦਿਲਚਸਪੀ ਰੱਖਦੇ ਹਨ। ਇਹ ਕਮਿਉਨਟੀ ਆਧਾਰਿਤ ਪ੍ਰੋਗਰਾਮ, ਦੋ ਸਾਲਾਂ ਦੇ ਸਮੇਂ ਦੌਰਾਨ ਬਾਲਗ ਕਲਾਇੰਟਾਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ ਜਿਸ ਦਾ ਟੀਚਾ ਕਲਾਇੰਟ ਦੀ ਆਜ਼ਾਦੀ ਨੂੰ ਵਧਾਉਣਾ ਹੁੰਦਾ ਹੈ। ਸਿੱਖਿਆ ਦੇਣ ਵਾਲੇ ਕਲਾਇੰਟ ਨੂੰ ਟਰੇਨਿੰਗ ਦਿੰਦੇ ਹਨ ਤਾਂ ਜੋ ਉਹ ਪ੍ਰੋਗਰਾਮ ਦੀ ਨਿੱਜੀ ਪਲੈਨ (IPP) ਅਤੇ ਨਿੱਜੀ ਸਰਵਿਸ ਪਲੈਨ (Individual Service Plan, ISP) ਵਿਚ ਪਛਾਣੇ ਗਏ ਸਪਸ਼ਟ ਉਦੇਸ਼ ਪ੍ਰਾਪਤ ਕਰ ਸਕਣ। ਇਹ ਸੇਵਾਵਾਂ ਅਸੈੱਸਮੈਂਟ ਅਤੇ ਟੀਚਿਆਂ ਦੇ ਆਧਾਰ ’ਤੇ ਪ੍ਰਤੀ ਮਹੀਨਾ 35 ਘੰਟਿਆਂ ਤੱਕ ਦਿੱਤੀਆਂ ਜਾਂਦੀਆਂ ਹਨ। ਪਹਿਲੇ ਦੋ ਸਾਲਾਂ ਬਾਅਦ, ILS ਸੇਵਾਵਾਂ ਘੱਟ ਤੋਂ ਘੱਟ ਪੱਧਰ ’ਤੇ ਦਿੱਤੀਆਂ ਜਾ ਸਕਦੀਆਂ ਹਨ (ਮਹੀਨੇ ਵਿਚ 15 ਘੰਟਿਆਂ ਤੱਕ) ਤਾਂ ਜੋ ਇਹ ਪੱਕਾ ਹੋਵੇ ਕਿ ਕਲਾਇੰਟ ਹਾਸਲ ਕੀਤੇ ਗਏ ਹੁਨਰਾਂ ਨੂੰ ਕਾਇਮ ਰੱਖਦਾ ਹੈ।

ILS ਸੇਵਾਵਾਂ ਵਿਚ, ਅੱਗੇ ਲਿਖੇ ਅਮਲੀ ਹੁਨਰਾਂ ਦੇ ਕਿਸੇ ਇਕ ਜਾਂ ਸਾਰੇ ਹਿੱਸਿਆਂ ਦੀ ਪਾਠਕ੍ਰਮ ਆਧਾਰਿਤ ਸਿੱਖਿਆ ਸ਼ਾਮਲ ਹੈ:

- ਖਾਣਾ ਬਣਾਉਣਾ
- ਸਫਾਈ ਕਰਨਾ
- ਕੁਦਰਤੀ ਮਾਹੌਲ ਵਿਚ ਸ਼ਾਪਿੰਗ ਕਰਨਾ
- ਭੋਜਨ ਦੀ ਸੂਚੀ ਬਣਾਉਣਾ
- ਖਾਣੇ ਤਿਆਰ ਕਰਨਾ
- ਪੈਸਿਆਂ ਦਾ ਪ੍ਰਬੰਧ, ਸਮੇਤ ਚੈੱਕ ਕੈਸ਼ ਕਰਾਉਣ ਅਤੇ ਖਰੀਦਣ ਦੀਆਂ ਸਰਗਰਮੀਆਂ ਦੇ
- ਜਨਤਕ ਮਾਹੌਲ ਵਿਚ ਪਬਲਿਕ ਟ੍ਰਾਂਸਪੋਰਟੇਸ਼ਨ ਦੀ ਵਰਤੋਂ ਲਈ ਹਿਲਜੁੱਲ ਕਰਨ ਦੀ ਟਰੇਨਿੰਗ
- ਨਿੱਜੀ ਸਿਹਤ ਅਤੇ ਸਫਾਈ
- ਸਵੈ-ਹਿਮਾਇਤ
- ਕੁਦਰਤੀ ਮਾਹੌਲਾਂ ਵਿਚ ਆਜ਼ਾਦ ਮਨੋਰੰਜਨ ਅਤੇ ਸ਼ਮੂਲੀਅਤ
- ਮੈਡੀਕਲ ਅਤੇ ਡੈਂਟਲ ਅਤੇ ਇਸ ਦੇ ਨਾਲ ਨਾਲ ਹੋਰ ਕਮਿਉਨਟੀ ਵਸੀਲਿਆਂ ਦੀ ਵਰਤੋਂ
- ਕਮਿਉਨਟੀ ਦੇ ਵਸੀਲਿਆਂ ਦੀ ਜਾਣਕਾਰੀ ਜਿਵੇਂ ਕਿ ਪੁਲੀਸ, ਅੱਗ ਲੱਗਣ ਜਾਂ ਐਮਰਜੰਸੀ ਵਿਚ ਮਦਦ
- ਘਰ ਅਤੇ ਕਮਿਉਨਟੀ ਵਿਚ ਸੇਫਟੀ

ILS ਦੇ ਪ੍ਰੋਗਰਾਮ ਉਪਰ ਲਿਖਿਆਂ ਦੀ ਥਾਂ ’ਤੇ ਉਹ ਮਦਦਾਂ ਵੀ ਪ੍ਰਦਾਨ ਕਰ ਸਕਦੇ ਹਨ ਜਿਹੜੀਆਂ ਕਮਿਉਨਟੀ ਵਿਚ ਆਤਮਨਿਰਭਰਤਾ, ਆਜ਼ਾਦ ਰਹਿਣੀ ਕਾਇਮ ਰੱਖਣ ਲਈ ਜ਼ਰੂਰੀ ਹਨ। ਆਤਮਨਿਰਭਰਤਾ ਦਾ ਮਤਲਬ ਦੂਜਿਆਂ ਦੀ ਮਦਦ ਤੋਂ ਬਿਨਾਂ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਯੋਗ ਹੋਣਾ ਹੈ।

**ਮਦਦ ਵਾਲੀ ਰਹਿਣੀ ਦੀਆਂ ਸੇਵਾਵਾਂ (SUPPORTED LIVING SERVICES, SLS)**

SLS ਸਰਵਿਸ ILS ਵਾਂਗ ਹੀ ਹੈ, ਪਰ ਇਹ ਉਨ੍ਹਾਂ ਕਲਾਇੰਟਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਆਪਣੇ ਘਰ ਵਿਚ ਰਹਿਣ ਲਈ ਲਗਾਤਾਰ ਟਰੇਨਿੰਗ ਅਤੇ ਮਦਦ ਦੀ ਲੋੜ ਹੈ। ਸੇਵਾਵਾਂ ਦੀ ਮਿਆਦ, ਲੋੜ ਦੀ ਲਗਾਤਾਰ ਅਸੈੱਸਮੈਂਟ ’ਤੇ ਆਧਾਰਿਤ ਹੁੰਦੀ ਹੈ। ਮਦਦ ਅਕਸਰ ਅਤੇ ਉਦੋਂ ਤੱਕ ਉਪਲਬਧ ਹੁੰਦੀ ਹੈ ਜਦੋਂ ਤੱਕ ਇਸ ਦੀ ਲੋੜ ਹੁੰਦੀ ਹੈ, ਜੋ ਕਿ ਕੁਦਰਤੀ, ਆਮ ਅਤੇ ਹੋਰ ਮਦਦਾਂ ਦੀ ਉਪਲਬਤਾ ’ਤੇ ਆਧਾਰਿਤ ਹੁੰਦੀ ਹੈ। ਟਰੇਨਿੰਗ ਅਤੇ ਮਦਦ ਦੇ ਘੰਟੇ ਵੱਖ ਵੱਖ ਹੋਣਗੇ ਅਤੇ ਇਹ ਦਿਨ ਦੇ 24 ਘੰਟਿਆਂ ਤੱਕ ਦਿੱਤੀ ਜਾ ਸਕਦੀ ਹੈ।

**ਫੈਮਿਲੀ ਹੋਮ ਏਜੰਸੀ (FAMILY HOME AGENCY, FHA)**

ਫੈਮਿਲੀ ਹੋਮ ਏਜੰਸੀ (FHA) ਪਰਿਵਾਰਕ ਘਰਾਂ ਨੂੰ ਮਨਜ਼ੂਰੀ ਦਿੰਦੀ ਹੈ ਜਿਹੜੇ ਫਿਰ ਪ੍ਰਤੀ ਘਰ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਦੋ ਬਾਲਗ ਵਿਅਕਤੀਆਂ ਲਈ ਪਰਿਵਾਰ ਨਾਲ ਰਹਿਣ ਅਤੇ ਪਰਿਵਾਰ ਦਾ ਹਿੱਸਾ ਬਣਨ ਅਤੇ ਜ਼ਿੰਮੇਵਾਰੀਆਂ ਸਾਂਝੀਆਂ ਕਰਨ ਲਈ ਮੌਕੇ ਪ੍ਰਦਾਨ ਕਰਦੇ ਹਨ। ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਵਿਅਕਤੀ ਨੂੰ ਪਰਿਵਾਰ, ਏਜੰਸੀਆਂ ਅਤੇ ਕਮਿਉਨਟੀ ਤੋਂ ਲੋੜੀਂਦੀ ਸਰਵਿਸ ਅਤੇ ਮਦਦ ਮਿਲਦੀ ਹੈ ਤਾਂ ਜੋ ਉਹ ਵਿਅਕਤੀ ਪਰਿਵਾਰ ਦਾ ਅਤੇ ਉਸ ਕਮਿਉਨਟੀ ਦਾ ਹਿੱਸਾ ਲੈਣ ਵਾਲਾ ਮੈਂਬਰ ਬਣ ਜਾਏ ਜਿੱਥੇ ਪਰਿਵਾਰ ਰਹਿੰਦਾ ਹੈ।

FHA ਦੇ ਨਿਯਮ ਟਾਈਟਲ 17, ਡਿਵੀਜ਼ਨ 2, ਅਤੇ ਚੈਪਟਰ 3 (ਕਮਿਉਨਟੀ ਸਰਵਿਸਿਜ਼) ਸਬਚੈਪਟਰ 4.1 ਫੈਮਿਲੀ ਹੋਮ ਏਜੰਸੀ  (FHA) ਰੈਗੂਲੇਸ਼ਨਜ਼ ਵਿਚ ਦੇਖੇ ਜਾ ਸਕਦੇ ਹਨ।



## ਰਿਹਾਇਸ਼ ਦੀਆਂ ਸੇਵਾਵਾਂ

ਕੁਝ ਬਾਲਗ ਕਲਾਇੰਟ ਆਪਣੇ ਪਰਿਵਾਰ ਦੇ ਘਰ ਦੀ ਬਜਾਏ ਕਿਤੇ ਹੋਰ ਰਹਿਣਾ ਚਾਹੁੰਦੇ ਹੋਣਗੇ, ਪਰ ਉਨ੍ਹਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਲਈ ਜਾਰੀ ਰਹਿਣ ਵਾਲੀ ਮਦਦ ਦੀ ਲੋੜ ਹੋਵੇਗੀ। ਅਜਿਹੇ ਘਰ ਵਿਚ ਰਹਿਣਾ ਜਿਹੜਾ ਰਿਹਾਇਸ਼ੀ ਸੇਵਾਵਾਂ ਪ੍ਰਦਾਨ ਕਰਦਾ ਹੈ, ਉਨ੍ਹਾਂ ਵਿਅਕਤੀਆਂ ਲਈ ਹੈ ਜਿਹੜੇ ਮੁਢਲੇ ਤੌਰ ’ਤੇ ਆਪਣੀ ਸੰਭਾਲ ਆਪ ਕਰ ਸਕਦੇ ਹਨ (ਆਪਣੇ ਰੋਜ਼ਾਨਾ ਰਹਿਣੀ-ਬਹਿਣੀ ਦੇ ਕੰਮ ਪੂਰੇ ਕਰਨਾ, ਆਪਣੇ ਆਪ ਦਵਾਈਆਂ ਲੈਣਾ, ਆਦਿ) ਅਤੇ ਹਰ ਇਕ ਚੀਜ਼ ’ਤੇ ਨਿਗਰਾਨੀ ਰੱਖਣ ਲਈ ਘਰ ਵਿਚ ਕੇਅਰ ਪ੍ਰੋਵਾਈਡਰ ਤੋਂ ਫਾਇਦਾ ਲੈ ਸਕਦੇ ਹਨ। ਇਨ੍ਹਾਂ ਘਰਾਂ ਨੂੰ ਅਕਸਰ ਕੇਅਰ ਹੋਮਜ਼ ਆਖਿਆ ਜਾਂਦਾ ਹੈ।

ਇਹ ਘਰ ਖਾਣੇ, ਨਿਗਰਾਨੀ ਜਾਂ ਰੱਖਿਆ ਲਈ ਕੁਝ ਪੱਧਰ ਦੀ ਨਿਗਰਾਨੀ ਪ੍ਰਦਾਨ ਕਰਦੇ ਹਨ ਅਤੇ ਇਹ ਦਵਾਈਆਂ ਲੈਣ ਬਾਰੇ ਯਾਦ ਕਰਵਾ ਸਕਦੇ ਹਨ; ਸਟਾਫ ਸਿੱਧੇ ਰੂਪ ਵਿਚ ਦਵਾਈ ਨਹੀਂ ਦੇ ਸਕਦਾ।

ਸੰਭਾਲ ਅਤੇ ਸੇਵਾਵਾਂ ਦਾ ਪੱਧਰ ਵੱਖ ਵੱਖ ਹੁੰਦਾ ਹੈ ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਹੋਮ ਨੂੰ ਕਿਸ ਪੱਧਰ ਦੀ ਸੰਭਾਲ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਉਦਾਹਰਣ ਲਈ, ਕੁਝ ਨਿੱਜੀ ਸੰਭਾਲ ਪ੍ਰਦਾਨ ਕਰ ਸਕਦੇ ਹਨ, ਮੈਡੀਕਲ ਅਤੇ ਦੰਦਾਂ ਦੀਆਂ ਅਪੌਇੰਟਮੈਂਟਾਂ ਲਈ, ਅਤੇ/ਜਾਂ ਮਨੋਰੰਜਨ ਦੀਆਂ ਸਰਗਰਮੀਆਂ ਲਈ ਲਿਜਾ ਲਿਆ ਸਕਦੇ ਹਨ।

ਰੈਜ਼ੀਡੈਂਸ਼ਲ ਕੇਅਰ ਹੋਮ ਵਿਚ ਰਹਿਣ ਦਾ ਖਰਚਾ ACRC ਵਲੋਂ ਤੁਹਾਡੀ ਸਪਲੀਮੈਂਟਲ ਸਕਿਉਰਟੀ ਇਨਕਮ (SSI) ਦੇ ਸੁਮੇਲ ਨਾਲ ਦਿੱਤਾ ਜਾਂਦਾ ਹੈ।

ਕੇਅਰ ਹੋਮ ਵਿਚ ਰਹਿਣ ਵਾਲੇ ਕਲਾਇੰਟਾਂ ਨੂੰ ਨਿੱਜੀ ਅਤੇ ਮਾਮੂਲੀ ਖਰਚਿਆਂ ਲਈ ਮਹੀਨੇ ਦੇ ਕੁਝ ਪੈਸੇ ਮਿਲਦੇ ਹਨ, ਜਿਵੇਂ ਕਿ ਮੂਵੀ ਦੇਖਣ ਲਈ ਜਾਂ ਨਵੀਂ ਕਮੀਜ਼ ਲਈ। ਰਕਮ ਦਾ ਫੈਸਲਾ ਸੋਸ਼ਲ ਸਕਿਉਰਟੀ ਐਡਮਿਨਸਟਰੇਸ਼ਨ ਵਲੋਂ ਕੀਤਾ ਜਾਂਦਾ ਹੈ ਅਤੇ ਇਸ ਨੂੰ ਹਰ ਸਾਲ ਅਡਜਸਟ ਕੀਤਾ ਜਾਂਦਾ ਹੈ।

ਰਿਹਾਇਸ਼ ਦੀ ਇਸ ਚੋਣ ਦਾ ਪਤਾ ਲਾਉਣ ਵੇਲੇ, ਆਪਣੇ ਸਰਵਿਸ ਕੋਆਰਡੀਨੇਟਰ ਅਤੇ ਆਪਣੀ ਸਪੋਰਟ ਟੀਮ ਨਾਲ ਇਹ ਵਿਚਾਰ ਕਰਨਾ ਮਹੱਤਵਪੂਰਨ ਹੈ ਕਿ ਤੁਹਾਡੀਆਂ ਲੋੜਾਂ ਕੀ ਹਨ ਅਤੇ ਤੁਹਾਨੂੰ ਕਿਸ ਕਿਸਮ ਦੀ ਮਦਦ ਦੀ ਲੋੜ ਹੋ ਸਕਦੀ ਹੈ।

## ਮਨੋਰੰਜਨ

### ਮੱਛੀਆਂ ਫੜਣ ਦੇ ਮੁਫਤ ਲਾਇਸੰਸ:

ਕੋਈ ਵੀ ਵਿਅਕਤੀ ਜਿਹੜਾ 16 ਸਾਲ ਜਾਂ ਜ਼ਿਆਦਾ ਉਮਰ ਦਾ ਹੈ ਉਸ ਕੋਲ ਮੱਛੀਆਂ ਫੜਣ ਜਾਣ ਲਈ ਯੋਗ ਸਪੋਰਟ ਫਿਸ਼ਿੰਗ ਲਾਇਸੰਸ ਹੋਣਾ ਜ਼ਰੂਰੀ ਹੈ। ਮੱਛੀਆਂ ਅਤੇ ਜੰਗਲੀ ਜਾਨਵਰਾਂ ਦਾ ਵਿਭਾਗ (Department of Fish and Wildlife, DFW) ਉਨ੍ਹਾਂ ਵਿਅਕਤੀਆਂ ਲਈ ਇਕ ਸਾਲ ਲਈ (1 ਜਨਵਰੀ ਤੋਂ 31 ਦਸੰਬਰ ਤੱਕ) ਮੱਛੀਆਂ ਫੜਣ ਦੇ ਮੁਫਤ ਲਾਇਸੰਸ ਜਾਰੀ ਕਰਨ ਦੇ ਯੋਗ ਹੈ ਜਿਹੜੇ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਹੱਕਦਾਰ ਹਨ।

ਕੋਈ ਕਲਾਇੰਟ ਮੱਛੀਆਂ ਫੜਣ ਦੇ ਲਾਇਸੰਸ ਲਈ ਆਪਣੇ ਸਰਵਿਸ ਕੋਆਰਡੀਨੇਟਰ (SC) ਕੋਲ ਬੇਨਤੀ ਕਰ ਸਕਦਾ ਹੈ ਅਤੇ ਫਿਰ SC ਕਲਾਇੰਟ ਦੇ ਕੈਲੇਫੋਰਨੀਆ ਦੇ ਪਛਾਣ ਕਾਰਡ (California Identification Card, CID) ਦੀ ਕਾਪੀ ਕਰੇਗਾ, ਅਰਜ਼ੀ ਫਾਰਮ ਭਰੇਗਾ ਅਤੇ ਅਰਜ਼ੀ ਅਤੇ CID ਦੀ ਕਾਪੀ ਕੈਲੇਫੋਰਨੀਆ ਦੇ ਮੱਛੀਆਂ ਅਤੇ ਜੰਗਲੀ ਜਾਨਵਰਾਂ ਦੇ ਵਿਭਾਗ ਨੂੰ ਭੇਜੇਗਾ। ਇਸ ਤੋਂ ਬਾਅਦ, ਮੱਛੀਆਂ ਫੜਣ ਦਾ ਲਾਇਸੰਸ ਕਲਾਇੰਟ ਦੇ ਘਰ ਪਹੁੰਚਣ ਨੂੰ ਤਕਰੀਬਨ 3 ਹਫਤੇ ਲੱਗਣਗੇ।

ਮੱਛੀਆਂ ਫੜਣ ਦਾ ਲਾਇਸੰਸ ਮਿਲ ਜਾਣ ਤੋਂ ਬਾਅਦ, ਉਸ ਕਲਾਇੰਟ ਦਾ ਨਾਂ ਆਟੋਮੈਟਿਕ ਲਾਇਸੰਸ ਡੈਟਾ ਸਿਸਟਮ (Automated License Data System, ALDS) ਵਿਚ ਪਾ ਦਿੱਤਾ ਜਾਂਦਾ ਹੈ, ਅਤੇ ਉਹ ਹਰ ਨਵੇਂ ਸਾਲ ਵਿਚ ਆਪਣੀ ਅਰਜ਼ੀ ਸਥਾਨਕ  Walmart, Big 5 Sporting Goods ਜਾਂ ਉਨ੍ਹਾਂ ਹੋਰ ਸਟੋਰਾਂ ਵਿਚ ਜਾ ਕੇ ਨਵਿਆ ਸਕਦਾ ਹੈ ਜਿਹੜੇ CDFW ਦੇ ਲਾਇਸੰਸ ਦੇਣ ਵਾਲੇ ਏਜੰਟ ਹਨ। ਲਾਇਸੰਸ ਨੂੰ ਹਰ ਵਾਰੀ ਨਵਿਆਉਣ ਲਈ ਕਲਾਇੰਟ ਲਈ ਆਪਣੀ CID ਦੇਣਾ ਜ਼ਰੂਰੀ ਹੈ।

### ਕੈਲੇਫੋਰਨੀਆ ਸਟੇਟ ਪਾਰਕਸ –ਜ਼ਿੰਦਗੀ ਭਰ ਦਾ ਡਿਸਏਬਲਡ ਡਿਸਕਾਊਂਟ ਪਾਸ - (2017 ਵਿਚ, ਪਾਸ ਲਈ 3.50 ਡਾਲਰ)

ਰੀਜਨਲ ਸੈਂਟਰਾਂ ਦੀਆਂ ਸੇਵਾਵਾਂ ਲੈ ਰਹੇ ਕਲਾਇੰਟ, ਕੈਲੇਫੋਰਨੀਆ ਸਟੇਟ ਵਲੋਂ ਚਲਾਏ ਜਾਂਦੇ ਪਾਰਕਾਂ ਵਿਚ ਕੈਲੇਫੋਰਨੀਆ ਪਾਰਕਸ ਐਂਡ ਰਿਕਰੀਏਸ਼ਨ ਲਈ ਰਿਆਇਤੀ ਪਾਸ, ਅਤੇ ਗੱਡੀ ਦੀ ਵਰਤੋਂ, ਪਰਿਵਾਰ ਦੀ ਕੈਂਪਿੰਗ ਅਤੇ ਬੋਟ ਦੀ ਵਰਤੋਂ ਦੀ ਫੀਸਾਂ ਲਈ 50% ਰਿਆਇਤ ਦੇ ਹੱਕਦਾਰ ਹਨ। ਇਹ ਪਾਸ ਸਥਾਨਕ ਸਰਕਾਰਾਂ, ਪ੍ਰਾਈਵੇਟ ਏਜੰਸੀਆਂ ਵਲੋਂ ਚਲਾਈਆਂ ਜਾਂਦੀਆਂ ਜਾਂ ਪਹਿਲਾਂ ਹੀ ਰਿਆਇਤ ਵਾਲੀਆਂ ਥਾਂਵਾਂ ਲਈ ਯੋਗ ਨਹੀਂ ਹੈ। ਅਰਜ਼ੀ ਭਰਨਾ ਜ਼ਰੂਰੀ ਹੈ, ਜਿਸ ਵਿਚ ਇਕ ਭਾਗ ਕਿਸੇ ਡਾਕਟਰ ਜਾਂ ਰੀਜਨਲ ਸੈਂਟਰ ਵਲੋਂ ਯੋਗ ਅਪਾਹਜਤਾ ਦੀ ਤਸਦੀਕ ਹੈ। ਅਰਜ਼ੀ ਫਾਰਮ ਲੱਭਣ ਲਈ ਤੁਹਾਡਾ ਸਰਵਿਸ ਕੋਆਰਡੀਨੇਟਰ ਤੁਹਾਨੂੰ ਵੈੱਬਸਾਈਟ ਐਡਰੈਸ ਦੇ ਸਕਦਾ ਹੈ।



## ਅਪਲਾਇਡ ਬੀਹੇਵੀਅਰ ਅਨੈਲਸਿਸ (Applied Behavior Analysis, ABA) ਦੀਆਂ ਸੇਵਾਵਾਂ

ABA ਸੇਵਾਵਾਂ ਇਕ ਆਮ ਸ਼ਬਦ ਹੈ ਜਿਹੜਾ ਉਨ੍ਹਾਂ ਪ੍ਰੋਗਰਾਮਾਂ ਨੂੰ ਦੱਸਣ ਲਈ ਵਰਤਿਆ ਜਾਂਦਾ ਹੈ ਜਿਹੜੇ ਅਪਲਾਇਡ ਬੀਹੇਵੀਅਰ ਅਨੈਲਸਿਸ ਦੀ ਵਰਤੋਂ ਕਰਦੇ ਹਨ, ਜੋ ਕਿ ਹੁਨਰ ਸਿਖਾਉਣ ਅਤੇ ਸਮੱਸਿਆਵਾਂ ਵਾਲੇ ਵਤੀਰਿਆਂ ਨੂੰ ਘੱਟ ਕਰਨ ਲਈ ਤਕਨੀਕਾਂ ਆਧਾਰਿਤ ਸਬੂਤ ਨਾਲ ਕੀਤਾ ਗਿਆ ਹੁੰਦਾ ਹੈ। ABA ਸੇਵਾਵਾਂ ਅਨੁਮਾਨਿਤ ਲੋੜ ਵਾਲੇ ਕਿਸੇ ਵੀ ਕਲਾਇੰਟ ਨੂੰ ਦਿੱਤੀਆਂ ਜਾ ਸਕਦੀਆਂ ਹਨ, ਅਤੇ ਕੁਝ ਕੇਸਾਂ ਵਿਚ ACRC ਵਲੋਂ ਫੰਡ ਕੀਤੀਆਂ ਜਾਂਦੀਆਂ ਹਨ।

ABA ਸੇਵਾਵਾਂ ਬਾਲਗ ਕਲਾਇੰਟਾਂ ਨੂੰ ਬਹੁਤ ਸਾਰੇ ਵੱਖ ਵੱਖ ਰੂਪਾਂ ਵਿਚ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਸ਼ਾਮਲ ਹਨ: ਮਾਪਿਆਂ ਨੂੰ ਟਰੇਨਿੰਗ; ਵਤੀਰੇ ਵਿਚ ਦਖਲਅੰਦਾਜ਼ੀ ਦੀਆਂ ਸੇਵਾਵਾਂ (Behavior Intervention Services, BIS); ਸਮਾਜਿਕ ਮੇਲਜੋਲ ਦੀ ਟਰੇਨਿੰਗ ਦੇ ਪ੍ਰੋਗਰਾਮ (Socialization Training Programs, SST); ਅਮਲੀ ਹੁਨਰਾਂ ਦੀ ਟਰੇਨਿੰਗ (Functional Skills Training, FST) ਦੇ ਪ੍ਰੋਗਰਾਮ; ਅਤੇ ਅਪਣਾਏ ਜਾ ਸਕਣ ਵਾਲੇ ਹੁਨਰਾਂ ਦੀ ਟਰੇਨਿੰਗ (Adaptive Skills Training, AST) ਦੇ ਪ੍ਰੋਗਰਾਮ। ਇਨ੍ਹਾਂ ਰੂਪਾਂ ਦੇ ਵੇਰਵੇ ਲਈ ਕਿਰਪਾ ਕਰਕੇ ਹੇਠਾਂ ਦੇਖੋ।

# ਵਿਕਾਸ ਦੀਆਂ ਨਿਸ਼ਾਨਾ ਬਣਾਈਆਂ ਗਈਆਂ ABA ਦਖਲਅੰਦਾਜ਼ੀਆਂ

## ਵਤੀਰੇ ਬਾਰੇ "ਮਾਪੇ" ਨੂੰ ਟਰੇਨਿੰਗ (BEHAVIOR "PARENT" TRAINING, BPT)

ਕਿਸੇ ਵੀ ਕਿਸਮ ਦੀ ACRC ਦੇ ਫੰਡਾਂ ਵਾਲੀ ABA ਸਰਵਿਸ ਲੈਣ ਲਈ BPT ਇਕ ਸ਼ਰਤ ਹੈ। ਟਰੇਨਿੰਗ ਵਿਚ ਪਰਿਵਾਰ ਦੇ ਮੈਂਬਰਾਂ/ਸੰਭਾਲ ਕਰਨ ਵਾਲਿਆਂ ਨੂੰ ਗਰੁੱਪ ਦੇ ਮਾਹੌਲ ਵਿਚ ਅਪਲਾਇਡ ਬੀਹੇਵੀਅਰ ਅਨੈਲਸਿਸ (ABA) ਦੀਆਂ ਮੁੱਖ ਚੀਜ਼ਾਂ ਤੋਂ ਜਾਣੂ ਕਰਵਾਉਣਾ ਸ਼ਾਮਲ ਹੈ। ਟਰੇਨਿੰਗ ਵਿਚ ਵਤੀਰਿਆਂ ਦੀ ਪੈੜ ਰੱਖਣ ਅਤੇ ਡੈਟਾ ਲੈਣ, ਵਤੀਰੇ ਦਾ ਵਿਸ਼ਲੇਸ਼ਣ ਕਰਨ ਬਾਰੇ ਅਤੇ ਹੋਰ ਜਾਣਕਾਰੀ ਵੀ ਸ਼ਾਮਲ ਹੋਵੇਗੀ।

## ਵਤੀਰੇ ਵਿਚ ਦਖਲਅੰਦਾਜ਼ੀ ਦੀਆਂ ਸੇਵਾਵਾਂ (BIS)

BIS ਇਕ ਥੋੜ੍ਹੇ ਸਮੇਂ ਦੀ ਸਰਵਿਸ ਹੈ ਅਤੇ ਇਸ ਦਾ ਮਕਸਦ ਸਿਹਤ ਅਤੇ ਸੇਫਟੀ ਨੂੰ ਖਤਰਾ ਪੈਦਾ ਕਰਨ ਵਾਲੇ ਵਤੀਰਿਆਂ ਨੂੰ ਘਟਾਉਣਾ, ਖਤਮ ਕਰਨਾ ਜਾਂ ਰੋਕਣਾ ਜਾਂ ਭਵਿੱਖ ਵਿਚ ਹੋਣ ਤੋਂ ਰੋਕਣਾ ਹੈ। ਅਜਿਹੇ ਵਤੀਰਿਆਂ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ: ਬਹੁਤ ਜ਼ਿਆਦਾ ਚਿੜਚਿੜਾਪਣ, ਹਮਲਾ ਕਰਨਾ, ਆਪਣੇ ਸੱਟ ਲਾਉਣਾ ਅਤੇ ਉਧਾਲਾ। BIS ਪਰਿਵਾਰ ਦੇ ਮੈਂਬਰਾਂ/ਸੰਭਾਲ ਕਰਨ ਵਾਲਿਆਂ ਨੂੰ ਉਹ ਟਰੇਨਿੰਗ ਅਤੇ ਦਖਲ ਦੇਣ ਦੀਆਂ ਜੁਗਤਾਂ ਪ੍ਰਦਾਨ ਕਰਦੀਆਂ ਹਨ ਜਿਹੜੀਆਂ ਔਖੇ ਵਤੀਰਿਆਂ ਨੂੰ ਸਾਂਭਣ ਅਤੇ ਸੋਧਣ ਲਈ ਜ਼ਰੂਰੀ ਹਨ ਅਤੇ ਨਾਲ ਹੀ ਫੰਕਸ਼ਨਲੀ ਰੀਲੇਟਡ ਰੀਪਲੇਸਮੈਂਟ ਹੁਨਰ ਵੀ ਸਿਖਾਏ ਜਾਦੇ ਹਨ। ਸੇਵਾਵਾਂ ਵਿਚ ਇਕ ਅਸੈੱਸਮੈਂਟ ਸ਼ਾਮਲ ਹੈ ਜਿਸ ਤੋਂ ਬਾਅਦ ਟ੍ਰੀਟਮੈਂਟ ਪਲੈਨ ਸ਼ੁਰੂ ਹੁੰਦੀ ਹੈ ਜੇ ਤਿੰਨ ਜਾਂ ਛੇ ਮਹੀਨਿਆਂ ਦੌਰਾਨ ਬੀਹੇਵੀਅਰ ਕਨਸਲਟੈਂਟ ਨਾਲ ਸਿੱਧੇ ਸਲਾਹ-ਮਸ਼ਵਰੇ ਦਾ ਸੁਝਾਅ ਦਿੱਤਾ ਗਿਆ ਹੋਵੇ। BIS ਦੀਆਂ ਸੇਵਾਵਾਂ ਦਾ ਟੀਚਾ ਕਲਾਇੰਟ ਦੇ ਵਤੀਰਿਆਂ ਵਿਚ ਅਜਿਹੀਆਂ ਤਬਦੀਲੀਆਂ ਲਿਆਉਣ ਬਾਰੇ ਹੈ ਜਿਹੜੀਆਂ ਪਰਿਵਾਰ ਦੇ ਮੈਂਬਰ ਜਾਂ ਸੰਭਾਲ ਕਰਨ ਵਾਲੇ ਵਤੀਰਿਆਂ ਬਾਰੇ ਪਲੈਨ ਦੀ ਵਰਤੋਂ ਰਾਹੀਂ ਪੱਕੇ ਤੌਰ 'ਤੇ ਕਾਇਮ ਰੱਖਣ ਦੇ ਯੋਗ ਹੋਣ।

### ਅਪਣਾਏ ਜਾ ਸਕਣ ਵਾਲੇ ਹੁਨਰਾਂ ਦੀ ਟਰੇਨਿੰਗ (AST)

AST ਕਲਾਇੰਟ ਦੀ ਰੋਜ਼ਾਨਾ ਜ਼ਿੰਦਗੀ ਦੀਆਂ ਮੰਗਾਂ ਪੂਰੀਆਂ ਕਰਨ ਲਈ ਸਵੈ-ਨਿਰਭਰਤਾ ਦੀ ਸਮਰੱਥਾ ਵਿਚ ਸੁਧਾਰ ਕਰਦੀ ਹੈ ਅਤੇ ABA ਦੇ ਸਿਧਾਂਤਾਂ 'ਤੇ ਆਧਾਰਿਤ ਦਖਲਅੰਦਾਜ਼ੀ ਦੀਆਂ ਸਬੂਤ-ਆਧਾਰਿਤ ਤਕਨੀਕਾਂ ਲਾਗੂ ਕਰਦੀ ਹੈ। ਇਹ ਸਲਾਹ-ਮਸ਼ਵਰੇ ਦੀ ਇਕ ਸਮਾਂਬੱਧ ਸਰਵਿਸ ਹੈ ਜਿਸ ਵਿਚ ਬਹੁਤ ਸਾਰਾ ਜ਼ੋਰ ਮਾਪੇ ਦੀ ਟਰੇਨਿੰਗ 'ਤੇ ਦਿੱਤਾ ਜਾਂਦਾ ਹੈ। AST ਪ੍ਰੋਗਰਾਮ ਅਪਣਾਏ ਜਾ ਸਕਣ ਵਾਲੇ ਹੁਨਰਾਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤੇ ਗਏ ਹਨ ਅਤੇ ਅਜਿਹਾ ਕਲਾਇੰਟ ਦੇ ਮਾਪਿਆਂ/ਗਾਰਡੀਅਨਾਂ ਨੂੰ ਇਹ ਟਰੇਨਿੰਗ ਦੇ ਕੇ ਕੀਤਾ ਜਾਂਦਾ ਹੈ ਕਿ ਅਸਰਦਾਰ ਤਰੀਕੇ ਨਾਲ ਹੁਨਰਾਂ ਦਾ ਅਨੁਮਾਨ ਕਿਵੇਂ ਲਾਉਣਾ ਹੈ, ਅਤੇ ਇਹ ਕਿਵੇਂ ਸਿਖਾਉਣੇ ਅਤੇ ਵਰਤੋਂ ਵਿਚ ਲਿਆਉਣੇ ਹਨ। AST ਪ੍ਰੋਗਰਾਮ ਵਿਚ ਆਮ ਚੁਣੇ ਜਾਣ ਵਾਲੇ ਹੁਨਰਾਂ ਦੀਆਂ ਉਦਾਹਰਣਾਂ ਵਿਚ ਸ਼ਾਮਲ ਹਨ: ਸਵੈ-ਸੰਭਾਲ, ਗੱਲਬਾਤ, ਰੋਜ਼ਾਨਾ ਰਹਿਣੀ-ਬਹਿਣੀ ਅਤੇ ਸੇਫਟੀ ਬਾਰੇ ਜਾਗਰੂਕਤਾ। ਟੀਚਿਆਂ ਦੀ ਜਟਿਲਤਾ, ਕਲਾਇੰਟ ਦੀ ਬੌਧਿਕ ਸਮਰੱਥਾ ਅਤੇ ਮਾਪੇ/ਗਾਰਡੀਅਨ ਦੀ ਸ਼ਮੂਲੀਅਤ ਦੇ ਪੱਧਰ ਮੁਤਾਬਕ ਚੁਣੇ ਜਾਣ ਵਾਲੇ ਹੁਨਰਾਂ ਦੀ ਗਿਣਤੀ ਅਤੇ ਕਿਸਮ ਵਿਚ ਕੁਝ ਫਰਕ ਹੋ ਸਕਦਾ ਹੈ। ਸੇਵਾਵਾਂ ਵਿਚ ਅਸੈੱਸਮੈਂਟ ਕਰਨਾ, ਅਤੇ ਇਲਾਜ ਦੀ ਪਲੈਨ ਤਿਆਰ ਕਰਨਾ ਸ਼ਾਮਲ ਹੈ, ਜੋ ਤਿੰਨ ਤੋਂ ਛੇ ਮਹੀਨਿਆਂ ਦੇ ਸਮੇਂ ਦੌਰਾਨ ਵਤੀਰੇ ਬਾਰੇ ਕਨਸਲਟੈਂਟ ਨਾਲ ਸਿੱਧੀ ਸਲਾਹ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। AST ਸੇਵਾਵਾਂ ਦਾ ਟੀਚਾ, ਸਰਵਿਸ ਦੇਣ ਦੇ ਸਮੇਂ ਦੌਰਾਨ ਲਾਗੂ ਕੀਤੀਆਂ ਜਾਣ ਵਾਲੀਆਂ ਜੁਗਤਾਂ ਦੀ ਵਰਤੋਂ ਰਾਹੀਂ ਲਗਾਤਾਰ, ਪਰਿਵਾਰ ਦੇ ਮੈਂਬਰ ਵਜੋਂ ਅਜਿਹੇ ਹੁਨਰ ਵਿਕਸਤ ਕਰਨਾ ਹੈ ਜਿਹੜੇ ਕਲਾਇੰਟ ਦੀ ਹੁਨਰ ਸਿੱਖਣ ਵਿਚ ਮਦਦ ਕਰਨ।

### ਮੇਲਜੋਲ ਕਰਨ ਦੀ ਟਰੇਨਿੰਗ (SST)

SST ਵਤੀਰੇ ਨਾਲ ਸੰਬੰਧਿਤ ਇਕ ਸਰਵਿਸ ਹੈ ਜੋ ਕਿ ਆਪਸੀ ਸੰਬੰਧਾਂ ਅਤੇ ਗੱਲਬਾਤ ਦੇ ਹੁਨਰਾਂ ਦੇ ਵਿਕਾਸ ਨੂੰ ਉਤਸ਼ਾਹ ਦਿੰਦੀ ਹੈ ਜੋ ਕਿ ਘਰ, ਕਮਿਉਨਟੀ ਅਤੇ ਸਾਥੀਆਂ ਦੇ ਗਰੁੱਪ ਦੇ ਮਾਹੌਲ ਵਿਚ ਕਾਮਯਾਬੀ ਨਾਲ ਮੇਲਜੋਲ ਕਰਨ ਲਈ ਜ਼ਰੂਰੀ ਹਨ।

ਇਸ ਸਰਵਿਸ ਦਾ ਉਦੇਸ਼ ਅਜਿਹੀਆਂ ਜ਼ਰੂਰੀ ਮੁਢਲੀਆਂ ਚੀਜ਼ਾਂ ਸਿਖਾਉਣਾ ਹੈ ਜਿਹੜੀਆਂ ਰਲ ਕੇ ਸਮਾਜਿਕ ਹੁਨਰ ਬਣਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਹੁਨਰਾਂ ਵਿਚ, ਅੱਖਾਂ ਨਾਲ ਅੱਖਾਂ ਮੇਲਣਾ, ਸੁਣਨਾ, ਸਾਂਝਾ ਕਰਨਾ, ਵਾਰੀ ਲੈਣਾ, ਹੈਲੋ ਕਹਿਣਾ, ਚਿਹਰੇ ਦੇ ਹਾਵਾਂ-ਭਾਵਾਂ ਦਾ ਅਰਥ ਕੱਢਣਾ, ਦੋਸਤ ਬਣਾਉਣਾ, ਗੱਲਬਾਤ ਸ਼ੁਰੂ ਕਰਨਾ ਅਤੇ ਕਾਇਮ ਰੱਖਣਾ, ਸਵੈ-ਹਿਮਾਇਤ ਅਤੇ ਹੋਰਨਾਂ ਨਾਲ ਸਹਿਯੋਗ ਵਾਲੀ ਅਤੇ ਅਰਥ ਰੱਖਦੀ ਗੱਲਬਾਤ ਕਰਨਾ ਸ਼ਾਮਲ ਹਨ।

ਇਹ ਜ਼ਰੂਰੀ ਹੁਨਰ ਵਿਕਸਤ ਕਰਨ ਨਾਲ ਕਿਸੇ ਵਿਅਕਤੀ ਦੀਆਂ ਸੰਭਾਵਨਾਵਾਂ ਵਧ ਸਕਦੀਆਂ ਹਨ ਅਤੇ ਆਪਣੀ ਕਮਿਉਨਟੀ ਵਿਚ ਕਾਮਯਾਬ ਮਿਲਾਪ ਦੀ ਸੰਭਾਵਨਾ ਵਧ ਜਾਂਦੀ ਹੈ। ਸਿੱਖਿਆ, ਸਮਾਜਿਕ/ਖੇਡਣ ਦੀਆਂ ਸਰਗਰਮੀਆਂ ਅਤੇ ਸਮਾਜਿਕ ਗੱਲਬਾਤ ਦੇ ਹੁਨਰਾਂ ਦੀ ਸਿੱਧੀ ਸਿੱਖਿਆ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਕਾਮਯਾਬ ਸਮਾਜਿਕ ਮੇਲਜੋਲ ਲਈ ਲੋੜੀਂਦੇ ਹੁੰਦੇ ਹਨ।

SST ਇਕ ਥੋੜ੍ਹੇ ਸਮੇਂ ਦੀ ਸਬੂਤ ਆਧਾਰਿਤ ਸਰਵਿਸ ਹੈ ਜੋ ਕਿ ਸੀਮਤ ਸਮੇਂ ਲਈ ਸਿੱਖਿਆ ਦੇ ਉਦੇਸ਼ਾਂ 'ਤੇ ਕੇਂਦਰਿਤ ਹੁੰਦੀ ਹੈ ਜੋ ਕਿ ਆਮ ਤੌਰ 'ਤੇ ਛੋਟੇ ਗਰੁੱਪਾਂ ਵਿਚ ਦਿੱਤੀ ਜਾਂਦੀ ਹੈ (2-8 ਕਲਾਇੰਟ)। ਗਰੁੱਪ ਦੇ ਮੈਂਬਰ ਉਮਰ, ਲੱਛਣਾਂ ਅਤੇ ਟੀਚਿਆਂ ਵਿਚ ਇੱਕੋ ਜਿਹੇ ਹੋਣੇ ਚਾਹੀਦੇ ਹਨ। ਸਮਾਜਿਕ ਸਿੱਖਿਆ ਨੂੰ ਉਤਸ਼ਾਹ ਦੇਣ ਲਈ ਗਰੁੱਪ ਸਿੱਧੀ ਸਿੱਖਿਆ, ਰੋਲ-ਨਿਭਾਉਣ, ਅਭਿਆਸ ਅਤੇ ਹੋਰ ਸਬੂਤ ਆਧਾਰਿਤ ਪ੍ਰੈਕਟਿਸਾਂ ਦੀ ਵਰਤੋਂ ਕਰਦੇ ਹਨ। ਸਮਾਜਿਕ ਹੁਨਰਾਂ ਦੀ ਟਰੇਨਿੰਗ ਦੇ ਪ੍ਰੋਗਰਾਮਾਂ ਦੇ ਕਾਮਯਾਬ ਹੋਣ ਲਈ ਪਰਿਵਾਰ ਦੇ ਮੈਂਬਰ/ਸੰਭਾਲ ਕਰਨ ਵਾਲੇ ਦੀ ਸ਼ਮੂਲੀਅਤ ਦੀ ਲੋੜ ਹੈ।

## ਹੋਰ ਸੇਵਾਵਾਂ

*ਇਹ ACRC ਦੇ ਫੰਡਾਂ ਨਾਲ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਪੂਰੀ ਲਿਸਟ ਨਹੀਂ ਹੈ, ਪਰ ਇਸ ਵਿਚ ਆਮ ਵਰਤੀਆਂ ਜਾਂਦੀਆਂ ਸੇਵਾਵਾਂ ਸ਼ਾਮਲ ਹਨ*

### ਘਰ ਵਿਚ ਆਰਾਮ ਦਿਵਾਉਣਾ:

ਆਰਾਮ ਦਿਵਾਉਣ ਦੀਆਂ ਸੇਵਾਵਾਂ, ਮਾਪਿਆਂ ਨੂੰ ਕਲਾਇੰਟ ਦੀ ਸੰਭਾਲ ਅਤੇ ਨਿਗਰਾਨੀ ਤੋਂ ਆਰਾਮ ਦਿਵਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਇਹ ਡੇਅ ਕੇਅਰ ਜਾਂ ਆਮ ਬੇਬੀਸਿਟਿੰਗ ਲਈ ਵਰਤੇ ਜਾਣ ਲਈ ਨਹੀਂ ਹੈ, ਸਗੋਂ ਕਿਤੇ ਕਿਤੇ ਜਾਂ ਨੇਮ ਨਾਲ ਮਿੱਥੇ ਹੋਏ ਸਮਿਆਂ 'ਤੇ ਥੋੜ੍ਹੇ ਸਮੇਂ ਦੀ ਬਰੇਕ ਵਜੋਂ ਹੈ ਜਿਹੜੀ ਮਾਪਿਆਂ/ਸੰਭਾਲ ਕਰਨ ਵਾਲਿਆਂ ਨੂੰ ਆਪਣੇ ਆਪ ਵਿਚ ਮੁੜ ਤਾਜ਼ਾ ਦਮ ਹੋਣ ਅਤੇ ਕਲਾਇੰਟ ਦੀ ਸੰਭਾਲ ਕਰਨ 'ਤੇ ਵਾਪਸ ਆਉਣ ਦੇ ਯੋਗ ਬਣਾਉਂਦੀ ਹੈ।

ਘਰ ਵਿਚ ਆਰਾਮ ਦਿਵਾਉਣ ਦੇ ਘੰਟੇ ਤਿਮਾਹੀ ਆਧਾਰ 'ਤੇ ਦਿੱਤੇ ਜਾਂਦੇ ਹਨ ਜੋ ਕਿ ਅਨੁਮਾਨ ਲਾਈ ਗਈ ਲੋੜ 'ਤੇ ਆਧਾਰਿਤ ਹੁੰਦੇ ਹਨ ਅਤੇ ਇਹ ਪ੍ਰਵਾਨ ਕੀਤੇ ਗਏ ਵੱਧ ਤੋਂ ਵੱਧ ਘੰਟਿਆਂ ਤੱਕ ਹੁੰਦੇ ਹਨ। ਆਰਾਮ ਦਿਵਾਉਣ ਦੀ ਸਰਵਿਸ ਦੇ ਘੰਟਿਆਂ ਦੀ ਗਿਣਤੀ ਦਾ ਪਤਾ ਲਾਉਣ ਲਈ ਕੀਤੀ ਜਾਣ ਵਾਲੀ ਅਸੈੱਸਮੈਂਟ, ਆਮ ਤਰ੍ਹਾਂ ਵਿਕਸਤ ਹੋ ਰਹੇ ਕਿਸੇ ਸਾਥੀ ਦੀਆਂ ਲੋੜਾਂ ਦੇ ਮੁਕਾਬਲੇ ਕਲਾਇੰਟ ਦੀਆਂ ਲੋੜਾਂ ਦੇ ਆਧਾਰ 'ਤੇ ਹੁੰਦੀ ਹੈ ਅਤੇ ਇਸ ਆਧਾਰ 'ਤੇ ਹੁੰਦੀ ਹੈ ਕਿ ਸੰਭਾਲ ਅਤੇ ਨਿਗਰਾਨੀ ਕਰਨ ਲਈ ਕਿਹੜੇ ਆਮ ਜਾਂ ਹੋਰ ਵਸੀਲੇ ਉਪਲਬਧ ਹਨ ਅਤੇ ਪਰਿਵਾਰ ਦੇ ਸਟਰੈੱਸ ਦਾ ਸਮੁੱਚਾ ਪੱਧਰ ਕੀ ਹੈ। ਘਰ ਵਿਚ ਆਰਾਮ ਅੱਗੇ ਦੱਸੇ ਮੁਤਾਬਕ 3 ਰੂਪਾਂ ਵਿਚ ਦਿਵਾਇਆ ਜਾਂਦਾ ਹੈ:

1. **ਏਜੰਸੀ ਵਲੋਂ ਆਰਾਮ ਦਿਵਾਉਣਾ:** ਘਰ ਵਿਚ ਆਰਾਮ ਦਿਵਾਉਣ ਵਾਲੀਆਂ ਏਜੰਸੀਆਂ (Respite agencies) ਕਲਾਇੰਟ ਦੀ ਸੰਭਾਲ ਲਈ ਆਰਾਮ ਦਿਵਾਉਣ ਵਾਲੇ ਵਰਕਰਾਂ ਨੂੰ ਉਦੋਂ ਤੁਹਾਡੇ ਘਰ ਭੇਜਦੀਆਂ ਹਨ ਜਦੋਂ ਤੁਹਾਡਾ ਮਾਪਾ/ਸੰਭਾਲ ਕਰਨ ਵਾਲਾ ਉੱਥੇ ਨਹੀਂ ਹੋ ਸਕਦਾ। ਮਾਪਾ/ਸੰਭਾਲ ਕਰਨ ਵਾਲਾ ਭੇਜੇ ਗਏ ਆਰਾਮ ਦਿਵਾਉਣ ਵਾਲੇ ਵਰਕਰਾਂ ਦੀ ਇੰਟਰਵਿਊ ਕਰਨ ਅਤੇ ਅਜਿਹਿਆਂ ਦੀ ਚੋਣ ਕਰਨ ਵਿਚ ਸ਼ਾਮਲ ਹੋਵੇਗਾ ਜਿਸ ਨਾਲ ਸਮਾਂ ਬਿਤਾਉਣ ਵਿਚ ਤੁਸੀਂ ਆਰਾਮਦੇਹ ਮਹਿਸੂਸ ਕਰਦੇ ਹੋਵੋ। ਮਾਪਾ/ਸੰਭਾਲ ਕਰਨ ਵਾਲਾ ਚੁਣੇ ਗਏ ਵਰਕਰ/ਵਰਕਰਾਂ ਨਾਲ ਲੋੜ ਮੁਤਾਬਕ ਆਰਾਮ ਦਿਵਾਉਣ ਦੇ ਸਮਿਆਂ ਦੀ ਸੂਚੀ ਬਣਾਏਗਾ। ACRC ਆਰਾਮ ਦਿਵਾਉਣ ਵਾਲੀ ਏਜੰਸੀ ਨੂੰ ਖਰਚਾ ਦਿੰਦਾ ਹੈ ਅਤੇ ਆਰਾਮ ਦਿਵਾਉਣ ਵਾਲੀ ਏਜੰਸੀ, ਆਰਾਮ ਦਿਵਾਉਣ ਵਾਲੇ ਵਰਕਰ ਨੂੰ ਤਨਖਾਹ ਦਿੰਦੀ ਹੈ।

2. **ਇਮਪਲੌਏਅਰ ਔਫ ਰਿਕਾਰਡ (EOR) ਵਲੋਂ ਆਰਾਮ ਦਿਵਾਉਣਾ:** ਜੇ ਤੁਹਾਡੇ ਕੋਲ ਕੋਈ ਹੈ (18 ਸਾਲ ਜਾਂ ਜ਼ਿਆਦਾ ਉਮਰ ਦਾ CPR ਵਲੋਂ ਸਰਟੀਫਾਈਡ ਜੋ ਕਿ ਕਲਾਇੰਟ ਦੇ ਘਰ ਤੋਂ ਬਾਹਰ ਰਹਿੰਦਾ ਹੈ) ਜਿਸ 'ਤੇ ਤੁਹਾਡਾ ਮਾਪਾ/ਸੰਭਾਲ ਕਰਨ ਵਾਲਾ ਸਮਾਂ ਬਿਤਾਉਣ ਲਈ ਭਰੋਸਾ ਕਰਦਾ ਹੈ ਤਾਂ ਉਹ ਵਿਅਕਤੀ ਇਮਪਲੌਏਅਰ ਔਫ ਰਿਕਾਰਡ (Employer of Record, EOR) ਆਰਾਮ ਦਿਵਾਉਣ ਵਾਲੀ ਏਜੰਸੀ ਦਾ ਮੁਲਾਜ਼ਮ ਬਣ ਕੇ ਤੁਹਾਡੇ ਆਰਾਮ ਦਿਵਾਉਣ ਵਾਲੇ ਵਰਕਰ ਵਜੋਂ ਕੰਮ ਕਰ ਸਕਦਾ ਹੈ। ਇਸ ਕੇਸ ਵਿਚ, ਤੁਹਾਡੀ ਪਸੰਦ ਦਾ ਆਰਾਮ ਦਿਵਾਉਣ ਵਾਲਾ ਵਰਕਰ ਇਕ ਅਰਜ਼ੀ ਪੈਕਟ ਭਰਦਾ ਹੈ, ਅਤੇ ਉਸ ਦਾ ਬੈਕਗਰਾਊਂਡ ਚੈੱਕ ਹੁੰਦਾ ਹੈ ਅਤੇ ਉਸ ਨੂੰ ਤੁਹਾਡੇ ਨਾਲ ਸਮਾਂ ਬਿਤਾਉਣ ਲਈ EOR ਏਜੰਸੀ ਵਲੋਂ ਕੰਮ 'ਤੇ ਰੱਖਿਆ ਜਾਂਦਾ ਹੈ। EOR ਏਜੰਸੀ ਵਰਕਰ ਨੂੰ ਸਿੱਧੇ ਪੈਸੇ ਦੇਵੇਗੀ ਅਤੇ ਰੀਜਨਲ ਸੈਂਟਰ EOR ਏਜੰਸੀ ਨੂੰ ਫੰਡ ਦੇਵੇਗਾ।

3. **ਫਿਸਕਲ ਮੈਨੇਜਮੈਂਟ ਸਰਵਿਸ (Fiscal Management Service, FMS) ਵਲੋਂ ਆਰਾਮ ਦਿਵਾਉਣਾ:** ਇਸ ਸਰਵਿਸ ਨਾਲ, ਆਰਾਮ ਦਿਵਾਉਣ ਵਾਲਾ ਵਰਕਰ ਲੱਭਣ ਲਈ ਅਤੇ ਪੇਅਰੋਲ ਅਤੇ ਕੰਮ-ਮਾਲਕ ਦੀਆਂ ਟੈਕਸ ਜ਼ਿੰਮੇਵਾਰੀਆਂ ਤੋਂ ਬਿਨਾਂ ਵਰਕਰ ਨੂੰ ਸਿੱਧੇ ਪੈਸੇ ਦੇਣ ਲਈ ਮਾਪਾ ਜ਼ਿੰਮੇਵਾਰ ਹੈ। ਮਾਪਾ ਆਰਾਮ ਦਿਵਾਉਣ ਵਾਲੇ ਵਰਕਰ ਨੂੰ ਪੈਸੇ ਦਿੰਦਾ ਹੈ; ACRC ਰੱਖੀ ਗਈ FMS ਏਜੰਸੀ ਨੂੰ ਪੈਸੇ ਦਿੰਦਾ ਹੈ; ਅਤੇ FMS ਏਜੰਸੀ ਮਾਪੇ ਨੂੰ ਲੋੜੀਂਦੇ ਟੈਕਸ ਕੱਟ ਕੇ ਉਨ੍ਹਾਂ ਸੇਵਾਵਾਂ ਦੇ ਪੈਸੇ ਮੋੜਦੀ ਹੈ ਜਿਨ੍ਹਾਂ ਲਈ ਮਾਪੇ ਨੇ ਪੈਸੇ ਦਿੱਤੇ ਹਨ।

**ਘਰ ਤੋਂ ਬਾਹਰ ਆਰਾਮ ਦਿਵਾਉਣਾ:** ਕੋਈ ਕਲਾਇੰਟ ਪ੍ਰਤੀ ਵਿੱਤੀ ਸਾਲ ਕਾਨੂੰਨੀ ਤੌਰ 'ਤੇ ਪ੍ਰਵਾਨ ਕੀਤੇ ਗਏ ਵੱਧ ਤੋਂ ਵੱਧ ਦਿਨਾਂ ਲਈ (ਜੇ ਕੋਈ ਛੋਟ ਨਹੀਂ ਦਿੱਤੀ ਗਈ) ਕਿਸੇ ਲਾਇਸੰਸਸ਼ੁਦਾ ਰਿਹਾਇਸ਼ੀ ਸਥਾਨ 'ਤੇ ਰਹਿ ਸਕਦਾ ਹੈ ਤਾਂ ਜੋ ਕਲਾਇੰਟ ਦੀ ਸੰਭਾਲ ਕਰਨ ਤੋਂ ਮਾਪਿਆਂ/ਸੰਭਾਲ ਕਰਨ ਵਾਲਿਆਂ ਨੂੰ ਵਾਧੂ ਸਮੇਂ ਲਈ ਛੁੱਟੀ ਦਿੱਤੀ ਜਾ ਸਕੇ। ਇਹ ਦਿਨ ਕਿਸੇ ਵੀ ਤਰਤੀਬ ਨਾਲ ਵਰਤੇ ਜਾ ਸਕਦੇ ਹਨ। ਜੇ ਤੁਸੀਂ ਘਰ ਤੋਂ ਬਾਹਰ ਆਰਾਮ ਦਿਵਾਉਣ ਦੀਆਂ ਚੋਣਾਂ ਲਈ ਲਾਇਸੰਸਸ਼ੁਦਾ ਰਿਹਾਇਸ਼ੀ ਸਥਾਨਾਂ ਦਾ ਟੂਰ ਲਾਉਣ ਵਿਚ ਦਿਲਚਸਪੀ ਰੱਖਦੇ ਹੋਵੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ ਜੋ ਕਿ ਟੂਰ ਲਾਉਣ ਲਈ ਉਪਲਬਧ ਘਰਾਂ ਦੀ ਲਿਸਟ ਲਵੇਗਾ। ਤੁਸੀਂ ਹਰ ਘਰ ਫੇਰੀ ਮਾਰਨ ਦਾ ਪ੍ਰਬੰਧ ਕਰ ਸਕਦੇ ਹੋ। ਤੁਹਾਡੇ ਅਤੇ ਕਲਾਇੰਟ ਵਲੋਂ ਕਿਸੇ ਘਰ ਦੀ ਚੋਣ ਕਰਨ ਤੋਂ ਬਾਅਦ, ਕਿਰਪਾ ਕਰਕੇ ਆਪਣੇ ਸਰਵਿਸ ਕੋਆਰਡੀਨੇਟਰ ਨੂੰ ਦੱਸੋ ਜੋ ਕਿ ਆਰਾਮ ਦਿਵਾਉਣ ਲਈ ਠਹਿਰਨ ਦਾ ਪ੍ਰਬੰਧ ਕਰਨ ਲਈ ਤੁਹਾਡੇ ਅਤੇ ਸਥਾਨ ਨਾਲ ਕੰਮ ਕਰੇਗਾ।

**ਡੇਅ ਕੇਅਰ/ਸਕੂਲ ਤੋਂ ਬਾਅਦ ਸੰਭਾਲ:** ਡੇਅ ਕੇਅਰ/ਸਕੂਲ ਤੋਂ ਬਾਅਦ ਸੰਭਾਲ, ਉਦੋਂ ਕਲਾਇੰਟਾਂ ਲਈ ਸੰਭਾਲ ਅਤੇ ਨਿਗਰਾਨੀ ਹੈ ਜਦੋਂ ਇਕ ਮਾਪੇ ਵਾਲੇ ਘਰ ਦੇ ਕਲਾਇੰਟ ਦਾ ਮਾਪਾ ਜਾਂ ਦੋਨੋਂ ਮਾਪਿਆਂ ਵਾਲੇ ਘਰ ਦੇ ਦੋਨੋਂ ਮਾਪੇ ਘਰ ਤੋਂ ਬਾਹਰ ਕੰਮ, ਜਾਂ ਕੰਮ ਲਈ ਪੜ੍ਹਾਈ ਕਰ ਰਹੇ ਹੁੰਦੇ ਹਨ।

ACRC ਰੀਜਨਲ ਸੈਂਟਰ ਦੇ ਕਲਾਇੰਟਾਂ ਲਈ ਡੇਅ ਕੇਅਰ/ਸਕੂਲ ਤੋਂ ਬਾਅਦ ਦੀ ਸੰਭਾਲ ਦਾ ਕੁਝ ਖਰਚਾ ਦੇ ਸਕਦਾ ਹੈ ਜਦੋਂ ਵੀ ਉਨ੍ਹਾਂ ਨੂੰ ਉਸ ਨਾਲੋਂ ਜ਼ਿਆਦਾ ਸੰਭਾਲ ਦੀ ਲੋੜ ਹੁੰਦੀ ਹੈ ਜਿਹੜੀ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਤੋਂ ਬਿਨਾਂ ਵਾਲੇ ਕਲਾਇੰਟ ਦੀ ਉਮਰ ਦੇ ਸਾਥੀਆਂ ਲਈ ਚਾਹੀਦੀ ਹੋਵੇਗੀ। ACRC ਇਹ ਸਿਰਫ 22 ਸਾਲ ਤੱਕ ਦੀ ਉਮਰ ਦੇ ਕਲਾਇੰਟਾਂ ਲਈ ਹੀ ਕਰ ਸਕਦਾ ਹੈ ਜਾਂ ਉਦੋਂ ਤੱਕ ਹੀ ਕਰ ਸਕਦਾ ਹੈ ਜਦ ਤੱਕ ਕਲਾਇੰਟ ਰੈਗੂਲਰ ਹਾਈ ਸਕੂਲ ਡਿਪਲੋਮੇ ਨਾਲ ਸਕੂਲ ਨਹੀਂ ਛੱਡ ਦਿੰਦੇ, ਇਨ੍ਹਾਂ ਵਿੱਚੋਂ ਜਿਹੜਾ ਵੀ ਪਹਿਲਾਂ ਆਉਂਦਾ ਹੈ।

ਪਰਿਵਾਰਾਂ ਨੂੰ ਕੰਮ ਜਾਂ ਪੜ੍ਹਾਈ ਦੌਰਾਨ ਆਪਣੇ ਬੱਚਿਆਂ ਦੀ ਸੰਭਾਲ ਅਤੇ ਨਿਗਰਾਨੀ ਲਈ ਪਹਿਲਾਂ ਉਹ ਕੁਦਰਤੀ ਅਤੇ ਆਮ ਵਸੀਲੇ ਵਰਤਣੇ ਚਾਹੀਦੇ ਹਨ ਜਿਹੜੇ ਉਨ੍ਹਾਂ ਲਈ ਉਪਲਬਧ ਹੋ ਸਕਦੇ ਹਨ। ਇਸ ਦੇ ਇਲਾਵਾ, ਕਿਸੇ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਵਿਚ ਬੱਚੇ ਦੀ ਹਾਜ਼ਰੀ ਦੇ ਬਦਲ ਵਜੋਂ ਰੀਜਨਲ ਸੈਂਟਰ ਡੇਅ ਕੇਅਰ ਨਹੀਂ ਖਰੀਦੇਗਾ।

**ਮੈਡਿਕ ਅਲਰਟ:** ਮੈਡਿਕ ਅਲਰਟ ਦੀਆਂ ਸੇਵਾਵਾਂ ACRC ਦੇ ਉਨ੍ਹਾਂ ਕਲਾਇੰਟਾਂ ਦੀ ਮਦਦ ਕਰਦੀਆਂ ਹਨ ਜਿਹੜੇ ਐਮਰਜੰਸੀਆਂ ਵਿਚ ਆਏ ਅਜਨਬੀ ਰਿਸਪੌਂਡਰਜ਼ ਨਾਲ ਸ਼ਾਇਦ ਗੱਲ ਕਰਨ ਦੇ ਯੋਗ ਨਾ ਹੋਣ। ਰਿਸਪੌਂਡਰਜ਼ ਫਿਰ ਮੈਡਿਕ ਅਲਰਟ ਨੂੰ ਫੋਨ ਕਰਦੇ ਹਨ ਜਿਹੜੀ ਫਿਰ ਐਮਰਜੰਸੀ ਸੰਪਰਕ (ਸੰਪਰਕਾਂ) ਨਾਲ ਰਾਬਤਾ ਕਰਦੀ ਹੈ। ਮੈਡਿਕ ਅਲਰਟ ਰਿਸਪੌਂਡਰਜ਼ ਨੂੰ ਹੋਰ ਸੰਬੰਧਿਤ ਜਾਣਕਾਰੀ ਵੀ ਦਿੰਦੀ ਹੈ ਜਿਵੇਂ ਕਿ ਅਲਰਜੀਆਂ ਜਾਂ ਬੀਮਾਰੀਆਂ ਬਾਰੇ ਜਾਣਕਾਰੀ। ACRC ਮਨਜ਼ੂਰਸ਼ੁਦਾ ਬਰੋਸ਼ਰ ਵਿੱਚੋਂ ਇਕ ਨਿਸ਼ਾਨ ਅਤੇ ਮੌਨੀਟਰਿੰਗ ਸਰਵਿਸ ਲਈ ਪੈਸੇ ਦੇਵੇਗਾ।

**ਹੰਢਣਸਾਰ ਮੈਡੀਕਲ ਸਾਜ਼-ਸਾਮਾਨ:** ACRC ਕਲਾਇੰਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ, ਵਿਕਾਸ ਨਾਲ ਸੰਬੰਧਿਤ ਕਿਸੇ ਡਿਸਏਬਿਲਟੀ ਕਾਰਨ ਪੈਦਾ ਹੋਈਆਂ ਲੋੜਾਂ ਲਈ ਹੰਢਣਸਾਰ ਮੈਡੀਕਲ ਸਾਜ਼-ਸਾਮਾਨ (Durable Medical Equipment, DME) ਲੈਣ ਵਿਚ ਮਦਦ ਕਰਨ ਲਈ ਵਚਨਬੱਧ ਹੈ। "ਹੰਢਣਸਾਰ ਮੈਡੀਕਲ ਸਾਜ਼-ਸਾਮਾਨ" ਉਹ ਸਾਜ਼-ਸਾਮਾਨ ਹੈ:

- ਜਿਸ ਦੀ ਕਲਾਇੰਟ ਦੀ ਆਜ਼ਾਦੀ, ਉਸਾਰੂ ਅਤੇ ਆਮ ਰਹਿਣੀ-ਬਹਿਣੀ ਹਾਸਲ ਕਰਨ ਅਤੇ ਕਾਇਮ ਰੱਖਣ ਲਈ ਲੋੜ ਹੈ
- ਜਿਹੜਾ ਕੋਈ ਕਾਰਜ ਕਰਨ ਜਾਂ ਡਾਕਟਰੀ ਮੰਤਵਾਂ ਲਈ ਵਰਤਿਆ ਜਾ ਸਕਦਾ ਹੈ
- ਜਿਹੜਾ ਉਮੀਦ ਕੀਤੇ ਗਏ ਵਾਜਬ ਸਮੇਂ ਲਈ ਵਾਰ ਵਾਰ ਵਰਤਿਆ ਜਾ ਸਕਦਾ ਹੈ

ਇਹ ਪਤਾ ਲੱਗਣ 'ਤੇ ਕਿ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਕਰਕੇ DME ਦੀ ਕੋਈ ਲੋੜ ਹੈ ਅਤੇ ਖਰਚਾ ਪੂਰਾ ਕਰਨ ਲਈ ਪ੍ਰਾਈਵੇਟ/ਆਮ ਵਸੀਲੇ ਅਢੁਕਵੇਂ ਹਨ ਤਾਂ ACRC ਲੋੜੀਂਦਾ DME ਹਾਸਲ ਕਰਨ ਲਈ ਮਾਇਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

**ਟੱਟੀ-ਪਿਸ਼ਾਬ 'ਤੇ ਕੰਟਰੋਲ ਨਾ ਹੋਣ ਦੀ ਸੂਰਤ ਵਿਚ ਲੋੜੀਂਦੀ ਸਪਲਾਈ:** ਜੇ ਇਸ ਖੇਤਰ ਵਿਚ ਲੋੜ ਹੋਵੇ ਤਾਂ ਤੁਸੀਂ ਮੈਡੀਕਲ ਸਪਲਾਈ ਦੇ ਕਿਸੇ ਡਿਸਟ੍ਰੀਬਿਊਟਰ ਦੀ ਪਛਾਣ ਕਰਨ ਲਈ ਆਪਣੇ Medi-Cal MMC ਨਾਲ ਸੰਪਰਕ ਕਰਕੇ ਅਪਲਾਈ ਕਰ ਸਕਦੇ ਹੋ। ਜੇ ਤੁਹਾਨੂੰ ਕੋਈ MMC ਅਸਾਇਨ ਨਾ ਕੀਤਾ ਗਿਆ ਹੋਵੇ ਤਾਂ ਸਰਵਿਸ ਦੀ ਫੀਸ ਵਾਲੇ Medi-Cal ਮੈਡੀਕਲ ਸਪਲਾਈ ਡਿਸਟ੍ਰੀਬਿਊਟਰਾਂ ਬਾਰੇ ਵਿਚਾਰ ਕਰਨ ਲਈ ਆਪਣੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ। ਜਦੋਂ ਤੁਸੀਂ ਕਿਸੇ ਅਜਿਹੇ ਮੈਡੀਕਲ ਸਪਲਾਈ ਡਿਸਟ੍ਰੀਬਿਊਟਰ ਨਾਲ ਸੰਪਰਕ ਕਰ ਲਿਆ ਜਿਹੜਾ ਤੁਹਾਡੀ ਮੈਡੀਕਲ ਕਵਰੇਜ ਨਾਲ ਜੁੜਿਆ ਹੋਇਆ ਹੈ ਤਾਂ ਤੁਸੀਂ ਉਨ੍ਹਾਂ ਦੇ ਤਰੀਕੇ ਬਾਰੇ ਪੁੱਛਗਿੱਛ ਕਰ ਸਕਦੇ ਹੋ। ਮੈਡੀਕਲ ਡਿਸਟ੍ਰੀਬਿਊਟਰ ਵਲੋਂ ਤੁਹਾਨੂੰ ਤੁਹਾਡੇ ਡਾਕਟਰ ਵਲੋਂ ਭਰੇ ਜਾਣ ਲਈ ਪੇਪਰਵਰਕ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਫਿਰ ਤੁਸੀਂ ਦਸਖਤਾਂ ਵਾਲਾ ਪੇਪਰਵਰਕ ਮੈਡੀਕਲ ਸਪਲਾਈ ਡਿਸਟ੍ਰੀਬਿਊਟਰ ਨੂੰ ਵਾਪਸ ਕਰੋਗੇ ਜੋ ਕਿ
Medi-Cal ਤੋਂ ਸਪਲਾਈ ਲਈ ਫੰਡਾਂ ਦੀ ਬੇਨਤੀ ਕਰੇਗਾ। ਇਹ ਫੈਸਲਾ ਕਰਨ ਤੋਂ ਬਾਅਦ ਕਿ ਟੱਟੀ-ਪਿਸ਼ਾਬ ਦੇ ਸੰਬੰਧ ਵਿਚ ਇਕ ਨਾ ਪੂਰੀ ਹੋਈ ਲੋੜ ਹੈ ਅਤੇ ਆਮ ਵਸੀਲੇ ਲੋੜ ਪੂਰੀ ਕਰਨ ਲਈ ਕਾਫੀ ਨਹੀਂ ਹਨ ਤਾਂ ਡਾਇਪਰਾਂ ਆਦਿ ਦੀ ਲੋੜੀਂਦੀ ਸਪਲਾਈ ਲੈਣ ਵਿਚ ਕਲਾਇੰਟਾਂ ਦੀ ਮਦਦ ਕਰਨ ਲਈ ACRC ਮਾਇਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

## ਟਰੇਨਿੰਗਾਂ, ਕਲਾਸਾਂ ਜਾਂ ਕਾਨਫਰੰਸਾਂ

Alta California Regional Center (ACRC) ਮਾਪਿਆਂ ਅਤੇ ਕਲਾਇੰਟਾਂ ਦੀ ਉਦੋਂ ਮਦਦ ਕਰਦਾ ਹੈ ਜਦੋਂ ਉਹ ਹਿਮਾਇਤ ਹਾਸਲ ਕਰਨ ਦੇ ਹੁਨਰ ਸਿੱਖਣ ਲਈ ਜਾਣਕਾਰੀ ਅਤੇ ਟਰੇਨਿੰਗ ਲੱਭ ਰਹੇ ਹੁੰਦੇ ਹਨ ਅਤੇ/ਕਲਾਇੰਟ ਦੀ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਬਾਰੇ ਆਪਣਾ ਗਿਆਨ ਵਧਾ ਰਹੇ ਹੁੰਦੇ ਹਨ। ACRC ਕਲਾਇੰਟਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਲਈ ਸਿੱਖਣ ਦੇ ਮੌਕੇ ਪ੍ਰਦਾਨ ਕਰੇਗਾ ਜੋ ਕਿ ACRC ਦੇ ਸਟਾਫ ਵਲੋਂ ਪ੍ਰਦਾਨ ਕੀਤੇ ਜਾਣਗੇ, ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਸਿੱਖਣ ਦੇ ਮੌਕਿਆਂ ਨੂੰ ਸਪੌਂਸਰ ਜਾਂ ਰਲ ਕੇ ਸਪੌਂਸਰ ਕਰੇਗਾ, ਅਤੇ ਟਰੇਨਿੰਗ ਦੇਣ ਲਈ ਲਈ ACRC ਦੇ ਖੇਤਰ ਵਿਚਲੇ ਏਰੀਏ ਵਿੱਚੋਂ ਅਤੇ ਬਾਹਰੋਂ ਵਿਸ਼ੇ ਦੇ ਮਾਹਰਾਂ ਦਾ ਪ੍ਰਬੰਧ ਕਰੇਗਾ।

ACRC ਕਿਸੇ ਕਲਾਇੰਟ ਲਈ ਇਕ ਵਿੱਤੀ ਸਾਲ ਵਿਚ ਇਕ ਟਰੇਨਿੰਗ, ਕਲਾਸ ਜਾਂ ਕਾਨਫਰੰਸ ("ਸਿੱਖਣ ਦੇ ਮੌਕੇ") ਦੀਆਂ ਫੀਸਾਂ ਜਾਂ ਰਜਿਸਟਰੇਸ਼ਨ ਫੀਸਾਂ ਕਵਰ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰ ਸਕਦਾ ਹੈ ਜਦੋਂ:

1. ਸਿੱਖਣ ਦਾ ਮੌਕਾ ਕਲਾਇੰਟ ਦੀ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਨਾਲ ਜੁੜਿਆ ਹੁੰਦਾ ਹੈ; ਅਤੇ
2. ਸਿੱਖਣ ਦਾ ਮੌਕਾ ਕਲਾਇੰਟ ਦੀ IPP ਵਿਚਲੇ ਉਦੇਸ਼ ਪੂਰੇ ਕਰਦਾ ਹੈ;
3. ਰਜਿਸਟਰੇਸ਼ਨ ਜਾਂ ਦਾਖਲੇ ਤੋਂ ਪਹਿਲਾਂ ਕਲਾਇੰਟ ਜਾਂ ਉਸ ਦਾ ਪਰਿਵਾਰ ACRC ਨੂੰ ਅੱਗੇ ਲਿਖੀ ਜਾਣਕਾਰੀ ਪ੍ਰਦਾਨ ਕਰਦਾ ਹੈ:
   - ਰਜਿਸਟੇਰਸ਼ਨ ਜਾਂ ਦਾਖਲੇ ਦੀ ਜਾਣਕਾਰੀ, ਸਮੇਤ ਸਿੱਖਣ ਦੇ ਮੌਕੇ ਦੀ ਤਾਰੀਕ/ਤਾਰੀਕਾਂ ਦੇ
   - ਸਿੱਖਣ ਦੇ ਮੌਕੇ ਤੋਂ ਉਮੀਦ ਕੀਤੇ ਜਾਂਦੇ ਨਤੀਜਿਆਂ ਦਾ ਬਿਆਨ
   - ਆਮ ਜਾਂ ਹੋਰ ਵਸੀਲੇ ਸਿੱਖਣ ਦਾ ਇਹ ਮੌਕਾ ਕਿਉਂ ਨਹੀਂ ਪ੍ਰਦਾਨ ਕਰ ਸਕਦੇ।

ACRC ਸਿੱਖਣ ਦੇ ਮੌਕੇ ਵਿਚ ਸ਼ਾਮਲ ਹੋਣ ਲਈ ਆਉਣ ਜਾਣ, ਰਿਹਾਇਸ਼ ਅਤੇ ਖਾਣੇ ਦੇ ਖਰਚੇ ਨਹੀਂ ਦੇਵੇਗਾ; ਇਹ ਖਰਚੇ ਸ਼ਾਮਲ ਹੋਣ ਵਾਲੇ ਦੀ ਜ਼ਿੰਮੇਵਾਰੀ ਹੈ।

## ਹੁਣ ਜਦ ਤੁਸੀਂ ਅਠਾਰਾਂ ਜਾਂ ਜ਼ਿਆਦਾ ਸਾਲਾਂ ਦੇ ਹੋ ਗਏ ਹੋ !

ਜਦੋਂ ਕੋਈ ਵਿਅਕਤੀ 18 ਸਾਲਾਂ ਦਾ ਹੋ ਜਾਂਦਾ ਹੈ ਤਾਂ ਉਹ ਬਾਲਗ ਬਣ ਜਾਂਦਾ ਹੈ ਅਤੇ ਉਨ੍ਹਾਂ ਕੋਲ ਉਹੀ ਹੱਕ ਅਤੇ ਜ਼ਿੰਮੇਵਾਰੀਆਂ ਹੁੰਦੇ ਹਨ ਜਿਹੜੇ ਹੋਰ ਬਾਲਗਾਂ ਕੋਲ ਹੁੰਦੇ ਹਨ, ਭਾਵੇਂ ਉਸ ਦੀ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਹੈ ਜਾਂ ਨਹੀਂ।

### ਵੋਟਰ ਰਜਿਸਟਰੇਸ਼ਨ

18 ਸਾਲ ਅਤੇ ਜ਼ਿਆਦਾ ਉਮਰ ਦੇ ਸਿਟੀਜ਼ਨਾਂ ਨੂੰ ਵੋਟ ਪਾਉਣ ਦਾ ਹੱਕ ਹੈ ! ਇਸ ਚੀਜ਼ ਬਾਰੇ ਜ਼ਿਆਦਾ ਪਤਾ ਲਾਉਣ ਲਈ ਕਿ ਕੀ ਸ਼ਰਤਾਂ ਹਨ, ਵੋਟਰਜ਼ ਆਫਿਸ ਦੇ ਆਪਣੇ ਸਥਾਨਕ ਕਾਉਂਟੀ ਰਜਿਸਟਰਾਰ ਨਾਲ ਸੰਪਰਕ ਕਰੋ ਜਾਂ www.sos.ca.gov ’ਤੇ ਕੈਲੇਫੋਰਨੀਆ ਸੈਕਰੇਟਰੀ ਔਫ ਸਟੇਟ ਦਾ ਵੈੱਬਸਾਈਟ ਦੇਖੋ। ਤੁਹਾਡਾ SC ਤੁਹਾਨੂੰ ਕੈਲੇਫੋਰਨੀਆ ਵੋਟਰ ਰਜਿਸਟਰੇਸ਼ਨ ਦੀ ਅਰਜ਼ੀ ਦੇ ਸਕਦਾ ਹੈ ਅਤੇ ਇਸ ਨੂੰ ਭਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

### ਸਲੈਕਟਿਵ ਸਰਵਿਸ ਸਿਸਟਮ

ਕੁਝ ਛੋਟਾਂ ਨਾਲ (ਉਦਾਹਰਣ ਲਈ, ਜਿਹੜੇ ਵਿਅਕਤੀ ਲਗਾਤਾਰ ਕਿਸੇ ਰਿਹਾਇਸ਼, ਹਸਪਤਾਲ ਜਾਂ ਇੰਸਟੀਚਿਊਸ਼ਨ ਵਿਚ ਬੰਦ ਹਨ, ਜਾਂ ਡਾਕਟਰੀ ਕਾਰਨਾਂ ਕਰਕੇ ਹਸਪਤਾਲ ਵਿਚ ਹਨ ਜਾਂ ਡੱਕੇ ਹੋਏ ਹਨ), ਯੂ.ਐੱਸ. ਦੇ ਸਾਰੇ ਮਰਦ ਸਿਟੀਜ਼ਨਾਂ ਅਤੇ ਯੂ.ਐੱਸ. ਅਤੇ ਇਸ ਦੀਆਂ ਟੈਰੇਟਰੀਜ਼ ਵਿਚ ਬਾਹਰੋਂ ਆਏ ਮਰਦ ਇਮੀਗਰਾਂਟਾਂ ਲਈ ਆਪਣੇ 18ਵੇਂ ਜਨਮ ਦਿਨ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਸਲੈਕਟਿਵ ਸਰਵਿਸ ਲਈ ਰਜਿਸਟਰ ਹੋਣਾ ਜ਼ਰੂਰੀ ਹੈ। ਜ਼ਿਆਦਾ ਜਾਣਕਾਰੀ ਲਈ 1-888-655-1825 ’ਤੇ ਫੋਨ ਕਰੋ ਜਾਂ www.sss.gov ’ਤੇ ਉਨ੍ਹਾਂ ਦਾ ਵੈੱਬਸਾਈਟ ਚੈੱਕ ਕਰੋ।

## ALTA CALIFORNIA REGIONAL CENTER ਦੇ ਦਫਤਰ

ਅਸੀਂ ਅੱਗੇ ਲਿਖੀਆਂ ਦਸ ਕਾਉਂਟੀਆਂ ਵਿਚ 20,000 ਤੋਂ ਜ਼ਿਆਦਾ ਕਲਾਇੰਟਾਂ ਦੀ ਸੇਵਾ ਕਰਦੇ ਹਾਂ: Alpine, Colusa, El Dorado, Nevada, Placer, Sacramento, Sierra, Sutter, Yolo, ਅਤੇ Yuba। ਤੁਹਾਡੇ ਇਲਾਕੇ ਵਿਚ ਹੋਣ ਦੇ ਇਕ ਯਤਨ ਵਜੋਂ, ਸਾਡੇ ਸਰਵਿਸ ਏਰੀਏ ਵਿਚ ਸਾਡੀਆਂ ਅੱਠ ਲੋਕੇਸ਼ਨਾਂ ਹਨ।

| ACRC ਦੇ ਦਫਤਰ | ਸੇਵਾਵਾਂ ਵਾਲੀਆਂ ਕਾਉਂਟੀਆਂ | ਐਡਰੈਸ | ਫੋਨ |
|---|---|---|---|
| **Sacramento** | Sacramento | 2241 Harvard Street, Suite 100 Sacramento, CA 95815 | (916) 978-6400 ਫੋਨ<br>(916) 489-1033 ਫੈਕਸ<br>(916) 489-4241 ਟੀ ਡੀ ਡੀ |
| **Grass Valley** | Nevada, Northern Placer, Sierra | 333 Crown Point Cir, Suite 200 Grass Valley, CA 95945 | (530) 272-4231 ਫੋਨ<br>(530) 272-4637 ਫੈਕਸ |
| **Placerville** | El Dorado | 344 Placerville Drive, Suite 1 Placerville, CA 95667 | (530) 626-1353 ਫੋਨ<br>(530) 626-0162 ਫੈਕਸ |
| **Roseville** | Placer, Sacramento | 516 Gibson Drive Suite 150 Roseville, CA 95678 | (916) 786-8110 ਫੋਨ<br>(916) 978-6583 ਫੈਕਸ |
| **South Lake Tahoe** | Alpine, El Dorado, Nevada, Placer | 2489 Lake Tahoe Blvd., Suite 1 South Lake Tahoe, CA 96150 | (530) 542-0442 ਫੋਨ<br>(530) 542-3436 ਫੈਕਸ |
| **Truckee** | Nevada, Placer, Sierra | 13450 Donner Pass Rd Suite B Truckee, CA 96161 | (530) 587-3018 ਫੋਨ<br>(530) 550-2217 ਫੈਕਸ |
| **Woodland** | Yolo | 283 W. Court Street Suite B Woodland, CA 95695 | (530) 666-3391 ਫੋਨ<br>(530) 666-3831 ਫੈਕਸ |
| **Yuba City** | Colusa, Sutter, Yuba | 950 Tharp Road, Suite 202 Yuba City, CA 95993 | (530) 674-3070 ਫੋਨ<br>(530) 674-7228 ਫੈਕਸ |

## ਸਵੈ-ਨਿਰਣੇ ਦਾ ਪ੍ਰੋਗਰਾਮ

ਕੈਲੇਫੋਰਨੀਆ ਡਿਪਾਰਟਮੈਂਟ ਔਫ ਡਿਵੈਲਪਮੈਂਟ ਸਰਵਿਸਿਜ਼ (California Department of Developmental Services) ਸਵੈ-ਨਿਰਣੇ ਦਾ ਪ੍ਰੋਗਰਾਮ (Self-Determination Program) ਤਿਆਰ ਕਰ ਰਿਹਾ ਹੈ ਜਿਹੜਾ ਹਿੱਸਾ ਲੈਣ ਵਾਲਿਆਂ ਨੂੰ ਆਪਣੇ ਰੀਜਨਲ ਸੈਂਟਰ ਦੇ ਫੰਡਾਂ ਨਾਲ ਮਿਲਣ ਵਾਲੀਆਂ ਸੇਵਾਵਾਂ ਅਤੇ ਮਦਦ ਦੀ ਚੋਣ ਕਰਨ ਲਈ ਜ਼ਿਆਦਾ ਕੰਟਰੋਲ ਦੇਵੇਗਾ। ਇਸ ਨਵੇਂ ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ ਵਿਚ ਸ਼ਾਮਲ ਹਨ:

- IPP ਦੇ ਕਾਰਜ ਰਾਹੀਂ ਕਲਾਇੰਟ ਨੂੰ ਉਹ ਸੇਵਾਵਾਂ ਅਤੇ ਮਦਦ ਖਰੀਦਣ ਲਈ ਖਾਸ ਬੱਜਟ ਦਿੱਤਾ ਜਾਵੇਗਾ ਜਿਸ ਦੀ ਉਸ ਨੂੰ ਆਪਣੀ IPP ਦੇ ਟੀਚੇ ਪ੍ਰਾਪਤ ਕਰਨ ਲਈ ਲੋੜ ਹੈ।
- ਕਲਾਇੰਟ ਇਹ ਚੋਣ ਕਰਨ ਦੇ ਯੋਗ ਹੋਵੇਗਾ ਕਿ ਕਿਹੜੇ ਪ੍ਰੋਵਾਈਡਰ ਜਾਂ ਵਿਅਕਤੀ ਤੁਹਾਡੀਆਂ ਸੇਵਾਵਾਂ ਦੇਣਗੇ। ਉਨ੍ਹਾਂ ਦੀ ਬੈਕਗਰਾਊਂਡ ਚੈੱਕ ਕਰਨ ਦੀ ਲੋੜ ਪਵੇਗੀ ਪਰ ਇਨ੍ਹਾਂ ਦੇ ਸਪਲਾਇਰ ਹੋਣਾ ਜ਼ਰੂਰੀ ਨਹੀਂ ਹੈ।
- ਆਪਣੀਆਂ ਸੇਵਾਵਾਂ ਦਾ ਖਰਚਾ ਦੇਣ ਲਈ ਕਲਾਇੰਟ ਲਈ ACRC ਵਲੋਂ ਅਧਿਕਾਰਤ ਫਾਇਨੈਂਸ਼ਲ ਮੈਨੇਜਮੈਂਟ ਸਰਵਿਸ (FMS) ਵਰਤਣਾ ਜ਼ਰੂਰੀ ਹੈ।

www.altaregional.org ਜਾਂ www.dds.ca.gov ’ਤੇ ਜ਼ਿਆਦਾ ਜਾਣੋ। ਆਪਣੇ ਬੱਚੇ ਦੇ ਸਰਵਿਸ ਕੋਆਰਡੀਨੇਟਰ ਨੂੰ ਈਮੇਲ ਕਰਕੇ “ਇਨਟਰੱਸਟਡ ਲਿਸਟ” ’ਤੇ ਪਾਏ ਜਾਣ ਲਈ ਬੇਨਤੀ ਕਰੋ।

*ਸੈਨੇਟ ਬਿੱਲ (SB) 468*

**ਜ਼ਿਆਦਾ ਜਾਣਕਾਰੀ ਲਈ**

**ਦੇਖੋ:** www.altaregional.org

**ACRC ਦੀਆਂ ਸੇਵਾਵਾਂ ਅਤੇ ਸਪਲਾਇਰਾਂ ਦੀ ਵਿਆਪਕ ਲਿਸਟ**

Alta ਦੇ ਵੈੱਬਸਾਈਟ ’ਤੇ ਜਾਉ: www.altaregional.org

>ਫਿਰ **Service Providers (ਸਰਵਿਸ ਪ੍ਰੋਵਾਈਡਰਜ਼)** ’ਤੇ ਕਲਿੱਕ ਕਰੋ

> ਫਿਰ **Service Provider Search (ਸਰਵਿਸ ਪ੍ਰੋਵਾਈਡਰ ਸਰਚ)** ’ਤੇ ਕਲਿੱਕ ਕਰੋ

**ACRC ਦੀਆਂ ਸਰਵਿਸ ਦੀਆਂ ਪਾਲਸੀਆਂ ਲਈ**

Alta ਦੇ ਵੈੱਬਸਾਈਟ ’ਤੇ ਜਾਉ: www.altaregional.org

> ਫਿਰ **Who We Serve (ਹੂ ਵੀ ਸਰਵ)** ’ਤੇ ਕਲਿੱਕ ਕਰੋ

> ਫਿਰ **Services (ਸਰਵਿਸਿਜ਼)** ’ਤੇ ਕਲਿੱਕ ਕਰੋ

> ਫਿਰ **Service Policies (ਸਰਵਿਸ ਪੌਲਸੀਜ਼)** ’ਤੇ ਕਲਿੱਕ ਕਰੋ